

# ਆਗਾਹਾ ਕੂ ਤ੍ਰਾਘਿ

## *Leap Ahead*

ਡਾ. ਹਰਜਿੰਦਰ ਸਿੰਘ

# ਆਗਾਹਾ ਕੂ ਤ੍ਰਾਘਿ

# *Leap Ahead*

ਡਾ. ਹਰਜਿੰਦਰ ਸਿੰਘ

ਆਉ ਬਣੀਏ ਗੁਰਸਿੱਖ ਪਿਆਰਾ
ਨਵੀਂ ਦਿੱਲੀ

# ਆਗਾਹਾ ਕੂ ਤ੍ਰਾਘਿ

*Leap Ahead*

ਡਾ. ਹਰਜਿੰਦਰ ਸਿੰਘ
ਈ-ਮੇਲ: harjinder1469@gmail.com
ਮੋ: 9968060466

ਪਹਿਲੀ ਵਾਰ: ਮਾਰਚ, 2023

ਕਵਰ ਅਤੇ ਇਲਸਟ੍ਰੇਸ਼ਨਸ: ਸੈਣੀ ਆਰਟਵਰਕ

ਪ੍ਰਕਾਸ਼ਕ:
**ਓਰੇਂਜ ਬੁਕਸ ਪਬਲੀਕੇਸ਼ਨ**
ਦਰੀਆ ਗੰਜ, ਨਵੀਂ ਦਿੱਲੀ

ਸਭ ਹੱਕ ਪੰਥ ਦੇ ਰਾਖਵੇਂ ਹਨ।

ਮੁੱਲ: Rs. 250/-, USD 20/-, CAD 25/-

# ਸਮਰਪਣ ਅਤੇ ਧੰਨਵਾਦ

ਮੈਂ ਇਹ ਪੁਸਤਕ ਆਪਣੇ ਵਿਛੜ ਚੁੱਕੇ ਪਿਤਾ ਸ. ਲਹਿਣਾ ਸਿੰਘ ਅਤੇ ਮਾਤਾ ਕੁਲਵੰਤ ਕੋਰ ਜੀ ਨੂੰ ਸਮਰਪਿਤ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਬਚਪਨ ਤੋਂ ਹੀ ਗੁਰਬਾਣੀ ਦੇ ਲੜ ਲਾਇਆ।

ਮੈਂ ਤਹਿਦਿਲੋਂ ਧੰਨਵਾਦ ਕਰਦਾ ਆਪਣੇ ਵੱਡੇ ਵੀਰ ਭੁਪਿੰਦਰ ਸਿੰਘ ਜੀ, ਭਰਜਾਈ ਗੁਰਸ਼ਰਨ ਕੌਰ ਜੀ, ਆਪਣੀ ਜੀਵਨ ਸਾਥਣ ਅਮਰਜੀਤ ਕੌਰ, ਅਜ਼ੀਜ਼ ਮਿੱਤਰ ਗੁਜਿੰਦਰ ਸਿੰਘ (ਯੂ.ਐਸ.ਏ) ਅਤੇ ਆਓ ਬਣੀਏ ਗੁਰਸਿੱਖ ਪਿਆਰਾ ਦੀ ਸਮੁੱਚੀ ਟੀਮ ਦਾ ਜਿਨ੍ਹਾਂ ਦੇ ਸਾਥ ਸਦਕਾ ਇਹ ਕਾਰਜ ਸਫਲਤਾਪੂਰਵਕ ਨੇਪਰੇ ਚੜ੍ਹ ਸਕਿਆ ਹੈ।



# ਸੰਦੇਸ਼

ਆਉ ਬਣੀਏ ਗੁਰਸਿੱਖ ਪਿਆਰਾ ਕਿਉਜ ਸ਼ੋਅ ਦੇ ਵਿਚ ਦਿਤੇ ਗਏ ਭਾਵਪੂਰਤ ਸੰਦੇਸ਼ਾਂ ਨੂੰ ਐਂਕਰ-ਡਾਇਰੈਕਟਰ ਡਾ. ਹਰਜਿੰਦਰ ਸਿੰਘ ਨੇ ਲਿਖਤੀ ਰੂਪ ਦੇ ਕੇ ਇਕ ਵੱਖਰੀ ਦਿੱਖ ਵਾਲੀ ਕਾਫੀ ਟੇਬਲ ਪੁਸਤਕ ਤਿਆਰ ਕੀਤੀ ਹੈ। ਮੈਂ ਉਹਨਾਂ ਨੂੰ ਹਾਰਦਿਕ ਵਧਾਈ ਦਿੰਦਿਆ ਸਿੱਖ ਜਗਤ ਵਿਚ ਇਸ ਪੁਸਤਕ ਦਾ ਸਵਾਗਤ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਇਹ ਸਾਰੀ ਉਮਰ ਦੇ ਪਾਠਕਾਂ ਲਈ ਇਕ ਰੋਚਕ ਪੁਸਤਕ ਸਾਬਿਤ ਹੋਵੇਗੀ।



**ਕੁਲਦੀਪ ਸਿੰਘ ਬੱਗਾ**
ਸੀ.ਐਮ.ਡੀ, ਸਿਮਕੋ

# ਦੋ ਸ਼ਬਦ

ਆਗਾਹਾ ਕੂ ਤ੍ਰਾਘਿ ਦਾ ਅਰਥ ਭਾਈ ਕਾਹਨ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿੱਚ "ਤੇਜ਼ੀ ਨਾਲ ਅੱਗੇ ਵਧਣਾ" ਲਿਖਿਆ ਹੈ। ਇਹ ਸੱਚ ਹੈ ਜੇਕਰ ਵਕਤ ਦੇ ਹਾਣੀ ਬਨਣਾ ਹੈ ਤਾਂ ਸਤਿਗੁਰਾਂ ਤੋਂ ਅਤੇ ਇਤਿਹਾਸ ਤੋਂ ਸੇਧ ਲੈ ਕੇ ਗੁਰਬਾਣੀ ਦੀ ਰੋਸ਼ਨੀ ਵਿੱਚ ਇਕ 'ਨਵੀਂ ਸੋਚ' ਨਾਲ ਹੀ ਸੰਭਵ ਹੋ ਸਕਦਾ ਹੈ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਤੇ ਵਿਰਸੇ ਨੂੰ ਭੁਲਾ ਦਿੰਦੀਆਂ ਹਨ, ਉਹਨਾਂ ਨੂੰ ਵਕਤ ਦੀ ਗਰਦ ਵਿੱਚ ਅਲੋਪ ਹੁੰਦਿਆਂ ਬਹੁਤੀ ਦੇਰ ਨਹੀਂ ਲੱਗਦੀ। ਇਸ ਲਈ ਨਵੀਂ ਸੋਚ ਨਾਲ ਨਵੇਂ ਬਣ ਰਹੇ ਵਸੀਲਿਆਂ ਅਤੇ ਤਕਨੀਕੀ ਕਾਢਾਂ ਨੂੰ ਅਪਣਾ ਕੇ ਇਕ ਅਗਾਂਹ ਵਧੂ ਸੋਚ ਪ੍ਰਣਾਲੀ ਰਾਹੀ ਕੌਮ ਨੂੰ ਅੱਗੇ ਵਧਾਇਆ ਜਾ ਸਕਦਾ ਹੈ।

ਹੱਥਲੀ ਪੁਸਤਕ ਇਸੇ ਦਿਸ਼ਾ ਅਤੇ ਨਵੀ ਸੋਚ ਵੱਲ ਚੁੱਕਿਆ ਹੋਇਆ ਇਕ ਬਹੁਤ ਹੀ ਮਹੱਤਵਪੂਰਨ ਕਦਮ ਹੈ, ਰੱਬ ਕਰੇ ਇਹ ਕਦਮ ਕੌਮ ਲਈ ਇਕ **ਆਗਾਹਾ ਕੂ ਤ੍ਰਾਘਿ** ਸਾਬਤ ਹੋਵੇ।

Yes, this effort may look a very small step, but I am sure it will definitely prove to be a Giant Step for the Sikh Panth.

**ਪ੍ਰੋ. ਤੇਜਿੰਦਰ ਸਿੰਘ**
ਪਰਥ, ਅਸਟ੍ਰੇਲੀਆ

# ਮੁਖ-ਬੰਧ

ਕੁਦਰਤ 'ਚ ਵੱਸਦੇ ਫੁੱਲਾਂ 'ਚੋਂ ਜਿਹੜੀ ਖੁਸ਼ਬੋ ਆਉਂਦੀ ਹੈ, ਉਹ ਕਿਸੇ ਹੱਟੀ ਤੋਂ ਮਿਲਣ ਵਾਲੀ ਚੀਜ਼ ਨਹੀਂ। ਇਹ ਕਥਨ ਅਜੋਕੀ ਸਿੱਖ ਪੀੜ੍ਹੀ ਤੇ ਸ਼ਤ-ਪ੍ਰਤਿਸ਼ਤ ਢੁੱਕਦਾ ਹੈ ਕਿਉਂਕਿ ਸਾਡੀ ਅਜੋਕੀ ਪੀੜ੍ਹੀ ਅਜਿਹੀ ਗਿਆਨ ਰੂਪੀ ਅਮੋਲਕ ਖੁਸ਼ਬੋ ਨੂੰ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲੈਣ ਦੀ ਥਾਂ ਵੱਖ-ਵੱਖ ਪਾਖੰਡੀਆਂ ਦੀਆਂ ਹੱਟੀਆਂ ਤੋਂ ਭਾਲਦੀ ਫਿਰਦੀ ਹੈ, ਜੋ ਕਿ ਸਿੱਖੀ 'ਚ ਆਉਂਦੇ ਨਿਘਾਰ ਦਾ ਇਕ ਪ੍ਰਤੱਖ ਸੰਕੇਤ ਹੈ। ਇਸ ਨਿਘਾਰ ਨਾਲ ਜੂਝਣ ਲਈ ਅਸੀਂ ਪਿਛਲੇ ਤਿੰਨ ਦਹਾਕਿਆਂ ਤੋਂ ਗੁਰੂ ਇਤਿਹਾਸ, ਗੁਰਬਾਣੀ, ਵਿਰਸਾ ਅਤੇ ਸਿੱਖ ਸੰਸਾਰ ਨਾਲ ਸੰਬੰਧਤ 'ਗੁਰਮਤਿ ਕੁਇਜ਼' ਪ੍ਰੋਗਰਾਮ ਰਾਹੀਂ ਬਣਦੀ ਕੋਸ਼ਿਸਾਂ ਨਿਰਵਿਘਨ ਕਰ ਰਹੇ ਹਾਂ ਅਤੇ ਸੰਗਤ ਵਲੋਂ ਮਿਲੇ ਹੁੰਗਾਰੇ ਨੇ ਇਸਨੂੰ ਸਫਲਾ ਵੀ ਬਣਾਇਆ ਹੈ।

ਇਹ ਹੱਥਲੀ ਪੁਸਤਕ ਇਨ੍ਹਾਂ ਪ੍ਰੋਗਰਾਮਾਂ ਵਿਚਲੀਆਂ ਵਿਚਾਰਾਂ ਨੂੰ ਸੋਧ ਕੇ ਲਿਖਤੀ ਰੂਪ ਦੇਣ ਉਪਰੰਤ ਹੋਂਦ ਵਿਚ ਆਈ ਹੈ। ਸਾਨੂੰ ਉਮੀਦ ਹੈ ਕਿ ਇਹ ਪੁਸਤਕ ਹਰ ਵਰਗ-ਉਮਰ ਦੇ ਪਾਠਕ ਲਈ ਲਾਹੇ-ਵੰਦ ਸਾਬਿਤ ਹੋਵੇਗੀ ਕਿਉਂਕਿ ਇਸ ਵਿਚ ਪਾਠਕਾਂ ਲਈ ਵਿਚਾਰਾਂ ਦੇ ਨਾਲ-ਨਾਲ, ਗੁਰਮੁਖੀ ਸਿੱਖਣ ਦੇ ਚਾਹਵਾਨਾਂ ਲਈ ਮੁਕੰਮਲ ਗੁਰਮੁਖੀ ਅੱਖਰ ਸੋਹਣੀ ਦਿੱਖ ਸਹਿਤ ਦਿੱਤੇ ਗਏ ਹਨ। ਗੁਰਮਤਿ ਤੋਂ ਮਿਲੇ ਗਿਆਨ ਨੂੰ ਅੱਖਰੀ ਰੂਪ ਦਿੰਦਿਆਂ ਮੈਂ ਪੁਸਤਕ **ਆਗਾਹਾ ਕੂ ਤ੍ਰਾਘਿ** ਨੂੰ ਪਾਠਕਾਂ ਦੀ ਝੋਲੀ ਪਾਉਂਦਾ ਹਾਂ।

**ਡਾ. ਹਰਜਿੰਦਰ ਸਿੰਘ**

# ਤਤਕਰਾ


ੳ. ਉੱਚਾ ਮੁਕਾਮ........................... 11
ਅ. ਅਗਾਹਾ ਕੂ ਤ੍ਰਾਘਿ..................... 13
ੲ. ਇਲਮ ਦੇ ਨਾਲ ਅਮਲ ਦੀ ਲੋੜ...... 15
ਸ. ਸਾਹਿਬ ਮੇਰਾ ਏਕੋ ਹੈ.................. 17
ਹ. ਹੱਕਦਾਰ ਸਿਫ਼ਤ ਦੇ.................... 19
ਕ. ਕਰਤਾਰਪੁਰੀ ਸੋਚ ਦਾ ਲਾਂਘਾ......... 21
ਖ. ਖੇੜਾ.................................. 23
ਗ. ਗੁਰੂ ਨਾਲ ਰਾਬਤਾ...................... 25
ਘ. ਘਾਲਿ ਖਾਇ ਕਿਛੁ ਹਥਹੁ ਦੇਇ ॥ .... 27
ਙ. ਙੰਙੈ ਙਿਆਨੁ ਬੂਝੈ ਜੇ ਕੋਈ............ 29
ਚ. ਚਾਹਤ ਕਾਮਯਾਬੀ ਦੀ................ 31
ਛ. ਛੁਟਕਾਰਾ ਹੰਕਾਰ ਤੋਂ...................33
ਜ. ਜੀਵਨ ਜੁਗਤੀ..........................35
ਝ. ਝੂਰਨਾ !.................................. 37
ਞ. ਞਾ ਕੈ ਹਾਥਿ ਸਮਰਥ.................... 39
ਟ. ਟਹਲ ਕਰਹੁ ਤਉ ਏਕ ਕੀ................ 41
ਠ. ਠਾਕੁਰੁ ਸਰਬੇ ਸਮਾਣਾ ॥ .................. 43
ਡ. ਡੂੰਘੀ ਸਾਂਝ.............................. 45
ਢ. ਢਹਿੰਦੀ ਤੋਂ ਚੜ੍ਹਦੀਕਲਾ.................. 47
ਣ. ਣਾਮ ਵਿਹੂਣੇ ਆਦਮੀ.................... 49
ਤ. ਤੁਲਨਾ ਤੋਂ ਸ਼ੁਕਰਾਨੇ ਤੱਕ................. 51
ਥ. ਥੋਥੇ ਕਰਮ ਕਾਂਡ......................... 53
ਦ. ਦੋਵੇਂ ਤੰਦਰੁਸਤ........................... 55
ਧ. ਧਾਰਮਿਕ ਸ਼ਤਾਬਦੀਆਂ....................57
ਨ. ਨਿੱਕੀਆਂ ਜਿੰਦਾਂ ਵੱਡੇ ਸਾਕੇ............ 59
ਪ. ਪੁਰਖ ਸਮਰੱਥ........................... 61

ਫ. ਫੱਸਣਾ ਬੇਮੁਖ ਹੋਣਾ ਹੈ................ 63
ਬ. ਬਿਬੇਕੀ ਸਿੱਖ.......................... 65
ਭ. ਭਰਪੂਰ ਸੋਝੀ.......................... 67
ਮ. ਮੁਕਤੀ ਅੰਧਵਿਸ਼ਵਾਸਾਂ ਤੋਂ.......... 69
ਯ. ਯੂ. ਐਨ. ਓ.......................... 71
ਰ. ਰਵਾਇਤਾਂ ਦਾ ਪਾਲਨ................ 73
ਲ. ਲੋੜ ਹੈ ਬਚਣ ਦੀ..................... 75
ਵ. ਵਰਤਮਾਨ ਤੋਂ ਭਵਿੱਖ................. 77
ੜ. ੜਾੜਾ ੜਾੜਿ ਮਿਟੈ ਸੰਗਿ ਸਾਧੂ ॥ ........ 79
ਸ਼. ਸ਼ਖ਼ਸੀਅਤ ਵਿਚ ਨਿਖਾਰ............... 81
ਖ਼. ਖ਼ਲਕਤ ਨੂੰ ਸੇਧ.......................... 83
ਗ਼. ਗ਼ਮ ਤੋਂ ਨਿਜਾਤ.......................... 85
ਜ਼. ਜ਼ਰੂਰਤ ਹੈ ਖੋਜ ਦੀ...................... 87
ਫ਼. ਫ਼ਰਜ਼ ਜ਼ਰੂਰੀ............................. 89
ਲ਼. ਲਖੀ ਨ ਜਾਈ ਨਾਨਕ ਲੀਲਾ ॥ ............ 91




ਊੜਾ I Oorhaa

# ਉੱਚਾ ਮੁਕਾਮ

ਹਰ ਮਨੁੱਖ ਜ਼ਿੰਦਗੀ ’ਚ ਸਫਲ ਹੋਣਾ ਚਾਹੁੰਦਾ ਹੈ, ਉੱਚਾ ਮੁਕਾਮ ਹਾਸਲ ਕਰਨ ਦੀ ਇੱਛਾ ਰੱਖਦਾ ਹੈ, ਫਿਰ ਚਾਹੇ ਉਹ ਅਧਿਆਤਮਕ ਮੁਕਾਮ ਹੋਵੇ ਜਾਂ ਦੁਨਿਆਵੀ। ਪਰ ਇਨ੍ਹਾਂ ਦੋਹਾਂ ਮੁਕਾਮਾਂ ਦੀ ਪ੍ਰਾਪਤੀ ਕੁਝ ਗੁਣਾਂ ’ਤੇ ਆਧਾਰਿਤ ਹੈ। ਜਿਵੇਂ ਪਹਿਲਾ ‘ਸਮੇਂ ਦਾ ਪਾਬੰਧ’ ਜੋ ਮਨੁੱਖ ਸਮੇਂ ਦਾ ਪਾਬੰਦ ਨਹੀਂ ਹੁੰਦਾ, ਉਸਨੂੰ ਸੰਸਾਰ ਵੀ ਸਵੀਕਾਰ ਨਹੀਂ ਕਰਦਾ ਅਤੇ ਇਹ ਗੁਣ ਸਫਲਤਾ ਦਾ ਮੁੱਢਲਾ ਪੜਾਅ ਹੁੰਦਾ ਹੈ, ਦੂਜਾ ‘ਨਿਰੰਤਰਤਾ’ ਭਾਵ ਹਰ ਕਾਰਜ ਉਦੋਂ ਹੀ ਨੇਪਰੇ ਚੜ੍ਹਦਾ ਹੈ ਜਦੋਂ ਉਸ ਲਈ ਲਗਾਤਾਰੀ ਅਭਿਆਸ ਕੀਤਾ ਜਾਵੇ। ਤੀਜਾ ‘ਵਫਾਦਾਰੀ’ ਤੁਸੀਂ ਗੁਰੂ ਦੀ ਨਜ਼ਰ ’ਚ ਉਦੋਂ ਤੱਕ ਕਾਮਯਾਬ ਨਹੀਂ ਹੁੰਦੇ ਜਦੋਂ ਤੱਕ ਤੁਹਾਡੇ ਅੰਦਰ ਵਫਾਦਾਰੀ ਦਾ ਬੂਟਾ ਨਹੀਂ ਲੱਗਦਾ। ਚੌਥਾ ‘ਸਖਤ ਮਿਹਨਤ’ ਕਿਸੇ ਵੀ ਮਿੱਥੇ ਹੋਏ ਟਿੱਚੇ ਤੱਕ ਪਹੁੰਚ ਕਰਨ ਲਈ ਕਈ ਘਾਲਨਾਵਾਂ ਘਾਲਣੀਆਂ ਪੈਂਦੀਆਂ ਹਨ ਜੋ ਕਿ ਮਿਹਨਤ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਪੰਜਵਾਂ ਤੇ ਸਭ ਤੋਂ ਵੱਧ ਮਹੱਤਵਪੂਰਨ ‘ਗੁਰੂ ਤੇ ਬਾਣੀ’ ਜਿਹਨਾਂ ਤੋਂ ਬਿਨਾਂ ਕਿਸੇ ਮੁਕਾਮ ਤੇ ਪੁੱਜਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਅਤੇ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਹੀ ਸਾਨੂੰ ਉਪਰੋਕਤ ਗੁਣਾਂ ਦਾ ਧਾਰਨੀ ਬਣਾ ਕੇ ਜੀਵਨ ਸਫਲਾ ਕਰਦੇ ਹਨ।



ਐੜਾ I Airhaa

# ਅਗਾਹਾ ਕੂ ਤ੍ਰਾਘਿ

ਅੱਜ ਦਾ ਹਰ ਬੱਚਾ ਤੇ ਨੌਜਵਾਨ ਸਕਾਰਾਤਮਕ ਤਰੀਕੇ ਨਾਲ ਸਵਾਲ ਕਰਦਾ ਹੈ, ਧਰਮ ਬਾਰੇ ਜਾਣਨ ਵਿਚ ਵੀ ਉਹ ਬਹੁਤ ਰੁਚੀ ਰਖਦਾ ਹੈ। ਇਸ ਕਰਕੇ ਸਾਨੂੰ ਉਹਨਾਂ ਦੇ ਸਵਾਲਾਂ ਦੇ ਜੁਆਬ ਦੇਣੇ ਪੈਣਗੇ। ਪਤਾ ਨਹੀਂ ਕਿਸ ਨੇ ਸਾਨੂੰ ਭੁਲੇਖਾ ਪਾ ਦਿੱਤਾ ਹੈ ਕਿ ਧਰਮ ਵਿਚ ਸਵਾਲ ਨਹੀਂ ਕਰੀਦਾ। ਗੁਰੂ ਨਾਨਕ ਸਾਹਿਬ ਨੇ ਸਾਨੂੰ ਸਵਾਲ ਕਰਨਾ ਸਿਖਾਇਆ। ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਅੰਗ ਵਿਚ ਸੁਆਲ ਹੈ: **ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥** ਭਾਵ ਸਚਿਆਰਾ ਹੋਣ ਅਤੇ ਕੂੜ ਦੀ ਕੰਧ ਤੋੜਨ ਵਾਸਤੇ ਕੀ ਕਰਨਾ ਚਾਹੀਦਾ ਹੈ। ਇਸਦਾ ਜੁਆਬ ਵੀ ਅਗਲੀ ਪੰਕਤੀ ਵਿਚ ਹੀ ਦਿੱਤਾ ਗਿਆ ਹੈ: **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** ਭਾਵ ਅਕਾਲ ਪੁਰਖ ਦੇ ਹੁਕਮ ਅਧੀਨ ਰਹਿਣ ਨਾਲ ਹੀ ਕੂੜ ਦੀ ਕੰਧ ਢਹੇਗੀ। ਅਜਿਹੇ ਸਵਾਲਾਂ ਨਾਲ ਮਨੁੱਖ ਦਾ ਬੌਧਿਕ ਮਿਆਰ ਉੱਚਾ ਹੁੰਦਾ ਹੈ ਅਤੇ ਜੀਵਨ ਚ ਠੀਕ ਰਾਹ ਚੁਣਨ ਦੀ ਸਮਰੱਥਾ ਮਿਲਦੀ ਹੈ। ਸੋ ਇਹ ਭੁਲੇਖਾ ਪਾਉਣਾ ਕਿ ਧਰਮ ਚ ਕਿਸੇ ਵੀ ਤਰ੍ਹਾਂ ਦਾ ਕਿੰਤੂ-ਪ੍ਰੰਤੂ ਕਰਨਾ ਮਨਾ ਹੈ, ਕੌਮ ਨੂੰ ਕੁਰਾਹੇ ਪਾਉਣ ਤੋਂ ਛੁੱਟ ਹੋਰ ਕੁਛ ਨਹੀਂ ਕਿਉਂਕਿ ਅਜਿਹੇ ਭੁਲੇਖੇ ਹੀ ਅੰਧਵਿਸ਼ਵਾਸਾਂ ਦੀ ਭੂਮਿਕਾ ਬੰਨ੍ਹਦੇ ਹਨ। ਆਓ ਮਿਲ ਕੇ ਸਵਾਲ ਕਰੀਏ ਤੇ ਉਹਨਾਂ ਦੇ ਜਵਾਬ ਲਭਦੇ ਹੋਏ **'ਅਗਾਹਾ ਕੂ ਤ੍ਰਾਘਿ'** ਦਾ ਰਹੱਸ ਸਮਝੀਏ।

# ੲ

ਈੜੀ I Eerhee

# ਇਲਮ ਦੇ ਨਾਲ ਅਮਲ ਦੀ ਲੋੜ

ਸਿੱਖੀ ਆਰੰਭ ਹੁੰਦੀ ਹੈ ਸਿੱਖੀ ਜੀਵਨ ਤੋਂ, ਪਰ ਅਜੋਕੀ ਸਿੱਖ ਪੀੜ੍ਹੀ ਅਜਿਹੇ ਅਦਰਸ਼ਕ ਜੀਵਨ ਤੋਂ ਦੂਰ ਹੁੰਦੀ ਜਾ ਰਹੀ ਹੈ। ਇਸਦੇ ਕਈ ਕਾਰਣ ਹੋ ਸਕਦੇ ਹਨ ਪਰ ਸਾਡੀ ਨਜ਼ਰ ’ਚ ਅੱਜ ਸਿੱਖ ਅਖਵਾਉਣ ਵਾਲੇ ਦੇ ਆਪਣੇ ਜੀਵਨ ’ਚੋਂ ਬਾਣੀ ਵਾਲੇ ਗੁਣਾਂ-ਸੰਸਕਾਰਾਂ ਦੀ ਖੁਸ਼ਬੂ ਕਿਤੇ ਮੱਠੀ ਪਈ ਜਾਪਦੀ ਹੈ ਅਤੇ ਅਨਮੱਤ ਤੇ ਮਨਮੱਤ ਦੀ ਬਿਰਤੀ ਉਛਾਲੇ ਮਾਰਦੀ ਨਜ਼ਰ ਆਉਂਦੀ ਹੈ। ਉਸ ਦੇ ਜੀਵਨ ਵਿਚੋਂ ਬਾਣੀ ਵਾਲੀ ਹਰਿਆਵਲ ਮੁੱਕ ਚੁੱਕੀ ਹੈ। ਮਾਇਆ ਵੱਲੋਂ ਕਰੋੜਾਂ-ਅਰਬਾਂ ਦੇ ਮਾਲਕ, ਵਿਦਿਅਕ ਪੱਖੋਂ ਡਿਗਰੀਆਂ-ਡਿਪਲੋਮਿਆਂ ਨਾਲ ਲੱਦੇ, ਪਰ ਬਾਣੀ ਦੇ ਆਰੰਭ ‘ਮੂਲ-ਮੰਤਰ’ ਤੋਂ ਵੀ ਅਨਜਾਣ। ਬਹੁਤੀਆਂ ਪ੍ਰਾਪਤੀਆਂ ਕਰਨ ਵਾਲਾ ਅੱਜ ਦਾ ਸਿੱਖ ਦਾਅਵਾ ਤਾਂ ਕਰਦਾ ਹੈ ਉਹ ‘ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ ਦਾ ਸਿੱਖ ਹੈ ਤੇ ਦੁਨੀਆਂ ਵੀ ਉਸ ਤੋਂ ਇਹੀ ਪ੍ਰਭਾਵ ਲੈਂਦੀ ਹੈ, ਪਰ ਉਸ ਵਿਚ ਗੁਰੂ ਨਾਨਕ ਸਾਹਿਬ ਦੀ ਸਿੱਖੀ ਦਾ ਇਕ ਕਣ ਵੀ ਨਜ਼ਰੀ ਨਹੀਂ ਪੈਂਦਾ। ਅੱਜ ਲੋੜ ਹੈ ਗੁਰੂ ਸਾਹਿਬਾਨ ਦੇ ਫੁਰਮਾਨਾਂ ਦਾ ਇਲਮ ਲੈਣ ਦੇ ਨਾਲ-ਨਾਲ ਉਹਨਾਂ ਨੂੰ ਅਮਲੀ ਜਾਮਾ ਵੀ ਪਵਾਈਏ ਤਾਂ ਜੋ ਗੁਰੂਆਂ ਦੀਆਂ ਅਮੋਲਕ ਸਿਖਿਆਵਾਂ ਨੂੰ ਸਵੈ ਅਤੇ ਸਮਾਜ ਤੇ ਲਾਗੂ ਕੀਤਾ ਜਾ ਸਕੇ।

# ਸ

ਸੱਸਾ | Sassaa

# ਸਾਹਿਬ ਮੇਰਾ ਏਕੋ ਹੈ

ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਛੇ ਸਦੀਆਂ ਦੇ ਗਿਆਨ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਚ ਸਾਰੀ ਮਨੁੱਖਤਾ ਦੀ ਅਗਵਾਈ ਲਈ ਗੁਰੂ ਥਾਪ ਕੇ ਸਿੱਖਾਂ ਨੂੰ ਹੁਕਮ ਕੀਤਾ **'ਗੁਰੂ ਮਾਨਿਓ ਗ੍ਰੰਥ'**। ਅੱਜ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਕਈ ਥਾਵਾਂ ਤੇ ਵੱਖ-ਵੱਖ ਰਚਨਾਵਾਂ ਜਾਂ ਗ੍ਰੰਥਾਂ ਦਾ ਪ੍ਰਕਾਸ਼ ਕੀਤਾ ਜਾ ਰਿਹਾ ਹੈ ਜੋ ਕਿ ਸਿੱਖ ਪੰਥ ਲਈ ਇਕ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪੰਥ ਨੂੰ ਦਸਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ। ਪਰ ਕੁਝ ਪੰਥ ਵਿਰੋਧੀ ਤਾਕਤਾਂ ਇਸ ਬਾਰੇ ਕੋਝੀਆਂ ਚਾਲਾਂ ਚਲ ਰਹੀਆਂ ਹਨ ਜਿਸ ਬਾਰੇ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਨਾਲ ਹੀ ਲੋੜ ਹੈ ਕਿ ਬਾਣੀ ਰੂਪੀ ਗਿਆਨ ਦਾ ਪ੍ਰਚਾਰ-ਪ੍ਰਸਾਰ ਕਰਕੇ ਸਮੁੱਚੀ ਲੋਕਾਈ ਤੱਕ ਪਹੁੰਚਾਈਏ। ਆਓ ਇਸਦੇ ਨਾਲ ਪ੍ਰਣ ਕਰੀਏ ਕਿ ਇਨ੍ਹਾਂ ਤਾਕਤਾਂ ਵਲੋਂ ਬਣਾਏ ਜਾ ਰਹੇ ਦਬਾਅ ਨੂੰ ਠੱਲ ਪਾਵਾਂਗੇ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਹੋਰ ਗ੍ਰੰਥ ਜਾਂ ਦੇਹਧਾਰੀ ਨੂੰ ਗੁਰੂ ਦਾ ਦਰਜਾ ਨਹੀਂ ਦੇਵਾਂਗੇ।

# ਹ

ਹਾਹਾ I Haahaa

# ਹੱਕਦਾਰ ਸਿਫ਼ਤ ਦੇ

ਸਿੱਖ ਸੰਸਥਾਵਾਂ ਜਿਹੜੀਆਂ ਸਾਹਿਤਕ ਪੱਧਰ ਤੇ ਉਸਾਰੂ ਕਾਰਜ ਕਰ ਰਹੀਆਂ ਹਨ ਉਹਨਾਂ ਦੀ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ। ਰਵਾਇਤੀ ਤੌਰ ਤਰੀਕੇ ਨਾਲ ਧਰਮ ਦੀ ਗੱਲ ਕਰਨੀ, ਕੀਰਤਨ-ਦਰਬਾਰ ਕਰਵਾਉਣੇ ਜਾਂ ਨਗਰ-ਕੀਰਤਨ ਕੱਢਣੇ ਤਾਂ ਦੇਸ਼ਾਂ-ਵਿਦੇਸ਼ਾਂ, ਪਿੰਡਾਂ-ਸ਼ਹਿਰਾਂ ਹਰ ਥਾਂ ਬੜੀ ਸ਼ਰਧਾ ਸਹਿਤ ਕੀਤਾ ਜਾ ਰਿਹਾ ਹੈ। ਪਰ ਸਾਨੂੰ ਇਸ ਆਧੁਨਿਕ ਯੁੱਗ, ਜਿਹੜਾ ਕਿ ਵਿਚਾਰ-ਵਿਗਿਆਨ ਦਾ ਯੁੱਗ ਹੈ; ਇਸ ਵਿਚ ਅਜੋਕੀ ਪੀੜ੍ਹੀ ਨੂੰ ਧਰਮ ਨਾਲ ਜੋੜਨ ਲਈ ਉਹਨਾਂ ਦੀ ਬਾਹ ਫੜਨੀ ਪਵੇਗੀ, ਉਹਨਾਂ ਨੂੰ ਸਾਹਿਤਕ ਗਤੀਵਿਧੀਆਂ ਤੇ ਸਕਾਲਰਸ਼ਿਪਸ ਰਾਹੀਂ ਸਿੱਖ ਧਰਮ ਤੇ ਗੁਰੂ ਇਤਿਹਾਸ ਤੋਂ ਜਾਣੂੰ ਕਰਵਾਉਣਾ ਪਵੇਗਾ। ਇਸਦੇ ਨਾਲ ਹੀ ਉਹਨਾਂ ਲਈ ਵੱਧ ਤੋਂ ਵੱਧ ਰੋਜ਼ਗਾਰ ਦੇ ਸਾਧਨ ਪੈਦਾ ਕਰਨੇ ਪੈਣਗੇ ਤਾਂ ਜੋ ਸਿੱਖ ਬੱਚੇ ਹਰ ਪੱਖੋਂ ਸਮਰੱਥ ਹੋ ਸਕਣ। ਅਜਿਹਾ ਕਾਰਜ ਮੋਹਾਲੀ ਦੀ **'ਸਿੱਖ ਹੋਪ'** ਸੰਸਥਾ, ਦੇਹਰਾਦੂਨ ਦੀ **'ਸਿੱਖ ਐਜੂਕੇਸ਼ਨ ਸੋਸਾਇਟੀ'**, ਦਿੱਲੀ ਦੀ **'ਸਿੱਖ ਐਜੂਕੇਸ਼ਨ ਟਰਸਟ'**, **'ਗੁਰਦੁਆਰਾ ਸਿੰਘ ਸਭਾ,** ਰਾਜੌਰੀ ਗਾਰਡਨ' ਆਦਿ ਦੁਆਰਾ ਕੀਤਾ ਜਾ ਰਿਹਾ ਹੈ, ਜਿਹਨਾਂ ਨੇ ਸਾਬਤ-ਸੂਰਤ ਸਿੰਘਾਂ-ਸਿੰਘਣੀਆਂ ਨੂੰ ਸਕੂਲ, ਕਾਲਜ ਅਤੇ ਕੰਪੀਟਿਟਿਵ ਪ੍ਰੀਖਿਆਵਾਂ ਦੇ ਪੱਧਰ 'ਤੇ ਮੁਫਤ ਸਿੱਖਿਆ ਦੇਣ ਦੇ ਨਾਲ-ਨਾਲ ਉਹਨਾਂ ਨੂੰ ਨੌਕਰੀਆਂ ਲੈਣ 'ਚ ਵੀ ਸਹਾਇਤਾ ਕੀਤੀ। ਬੇਨਤੀ ਹੈ ਕਿ ਜਿਹੜੇ ਤਾਂ ਇਸ ਪਾਸੇ ਲੱਗ ਕੇ ਸਿੱਖ ਕੌਮ ਦੀ ਸੇਵਾ ਕਰ ਰਹੇ ਹਨ ਉਹ ਇਸਨੂੰ ਨਿਰਵਿਘਨ ਜਾਰੀ ਰੱਖਣ ਅਤੇ ਜਿਹਨਾਂ ਨੇ ਇਸ ਪਾਸੇ ਕਦਮ ਨਹੀਂ ਚੁੱਕਿਆ ਉਹ ਜਲਦ ਤੋਂ ਜਲਦ ਇਧਰ ਨੂੰ ਰੁੱਖ ਕਰਨ।



ਕੱਕਾ I Kakkaa

# ਕਰਤਾਰਪੁਰੀ ਸੋਚ ਦਾ ਲਾਂਘਾ

ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹ ਗਿਆ ਹੈ, ਹਰ ਸਿੱਖ ਦੇ ਮਨ 'ਚ ਤਾਂਘ ਸੀ ਕਿ ਉਹ ਇਕ ਵਾਰ ਦਰਸ਼ਨ ਜ਼ਰੂਰ ਕਰੇ। ਜਿਸ ਸਦਕਾ ਕੁਝ ਹੀ ਦਿਨਾਂ 'ਚ ਲੱਖਾਂ ਦੀ ਗਿਣਤੀ 'ਚ ਸੰਗਤਾਂ ਉਥੇ ਨਤਮਸਤਕ ਹੋ ਆਈਆਂ ਹਨ ਅਤੇ ਲੱਖਾਂ ਹੀ ਜਾਣ ਦੀਆਂ ਤਿਆਰੀਆਂ ਕਰ ਰਹੀਆਂ ਹਨ। ਪਰ ਇੱਥੇ ਇਕ ਗੱਲ ਵਿਚਾਰਨਯੋਗ ਹੈ ਕਿ ਅਸੀਂ ਗੁਰੂ ਸਾਹਿਬ ਨਾਲ ਸੰਬੰਧਤ ਗੁਰਦੁਆਰਿਆਂ ਦੇ ਦਰਸ਼ਨਾਂ ਦੀ ਤਾਂਘ ਤਾਂ ਰੱਖਦੇ ਹਾਂ ਪਰ ਕੀ ਅਸੀਂ ਉਹਨਾਂ ਗੁਰਦੁਆਰਿਆਂ ਨਾਲ ਸੰਬੰਧਤ ਗੁਰੂ ਸਾਹਿਬਾਨ ਦੁਆਰਾ ਦਿੱਤੇ ਸੰਕਲਪਾਂ ਨੂੰ ਗ੍ਰਹਿਣ ਕਰਨ ਦੀ ਤਾਂਘ ਵੀ ਰੱਖਦੇ ਹਾਂ? ਕਰਤਾਰਪੁਰ ਵਿਖੇ ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ, ਵਹਿਮ-ਭਰਮ ਮੁਕਤ ਅਤੇ ਕਿਰਤੀ ਸਮਾਜ ਦਾ ਜਿਹੜਾ ਸੰਦੇਸ਼ ਲੋਕਾਈ ਨੂੰ ਦਿੱਤਾ ਸੀ ਕੀ ਅਸੀਂ ਉਹ ਵੀ ਨਾਲ ਲੈ ਕੇ ਮੁੜਦੇ ਹਾਂ? ਸਾਡੇ ਦਰਸ਼ਨ ਉਦੋਂ ਹੀ ਮੁਕੰਮਲ ਹੋਣਗੇ ਜਦੋਂ ਅਸੀਂ ਆਪਣੇ ਘਰ-ਪਰਿਵਾਰ, ਕੰਮ-ਕਾਜ਼ ਤੇ ਸਮਾਜ ਵਿਚ ਕਰਤਾਰਪੁਰੀ ਸੰਕਲਪਾਂ ਨੂੰ ਅਮਲ 'ਚ ਲਿਆਵਾਂਗੇ।

# ਖ

ਖੱਖਾ I Khakhkhaa

# ਖੇੜਾ

ਦੁਨੀਆਵੀ ਪੱਧਰ ਤੇ ਜੀਵਨ ਦੀ ਸਫ਼ਲਤਾ ਨੂੰ ਮਾਪਣ ਦੇ ਕਈ ਮਾਪਦੰਡ ਹਨ, ਜਿਵੇਂ ਵੱਡਾ ਅਹੁਦਾ, ਸ਼ੋਹਰਤ, ਪੈਸਾ, ਕਾਰਾਂ, ਕੋਠੀਆਂ ਆਦਿ ਪਰ ਅਧਿਆਤਮਕ ਪੱਧਰ ਤੇ ਸਫਲਤਾ ਨੂੰ ਮਾਪਣ ਦਾ ਇਕੋ ਇਕੋ ਰਾਹ ਤੇ ਤਰੀਕਾ ਹੈ— 'ਖੇੜਾ, ਖੁਸ਼ੀ ਤੇ ਆਨੰਦ'। ਗੁਰਬਾਣੀ ਮੁਤਾਬਕ ਇਕ ਪਾਸੇ ਭਾਵੇਂ ਤੁਹਾਡੇ ਕੋਲ ਦੁਨੀਆਵੀ ਸ਼ੋਹਰਤ ਦਾ ਭੰਡਾਰ ਹੈ ਪਰ ਜੇਕਰ ਤੁਸੀਂ ਗੁਰੂ ਨਾਲ ਜੁੜੇ ਨਹੀਂ ਹੋਏ ਤਾਂ ਤੁਸੀਂ ਅਸਫਲ ਹੋ, ਦੂਜੇ ਪਾਸੇ ਬੇਸ਼ਕ ਤੁਹਾਡਾ ਕੁੱਲੀ 'ਚ ਵਾਸਾ ਹੋਵੇ ਪਰ ਅਗਰ ਤੁਸੀਂ ਉਹਦੀ ਰਜ਼ਾ ਨੂੰ ਮਾਣਦਿਆਂ ਹੋਇਆਂ ਸਦੀਵੀ ਖੇੜੇ 'ਚ ਹੋ ਤਾਂ ਤੁਸੀਂ ਹਰ ਪੱਖੋ ਸਫਲ ਜੀਵਨ ਬਤੀਤ ਕਰ ਰਹੇ ਹੋ। ਦੁੱਖ-ਸੁੱਖ, ਚੰਗਾ-ਮਾੜਾ ਜ਼ਿੰਗਦੀ ਦੇ ਰੰਗ ਨੇ, ਇਨ੍ਹਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਉਤਰਾਅ-ਚੜ੍ਹਾਅ ਸਾਨੂੰ ਜ਼ਿੰਦਗੀ 'ਚ ਤਜ਼ਰਬਿਆਂ ਸਹਿਤ ਅੱਗੇ ਵੱਧਣ ਦੀ ਪੂਰਨ ਸਮਰੱਥਾ ਬਖਸ਼ਦੇ ਹਨ ਅਤੇ ਨਿਰਭਉ-ਨਿਰਵੈਰ ਹੋ ਕੇ ਜੀਵਨ ਜੀਊਣ ਦੀ ਜਾਚ ਸਿਖਾਉਂਦੇ ਹਨ। ਬਾਣੀ ਦਾ ਫੁਰਮਾਣ ਹੈ: **ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ॥** ਭਾਵ ਵੈਰ ਵਿਰੋਧ ਮਿਟਾ ਕੇ **'ਏਕੁ ਪਿਤਾ ਏਕਸ ਕੇ ਹਮ ਬਾਰਿਕ'** ਦੇ ਸੰਕਲਪ ਤੇ ਚਲਦਿਆਂ ਯਕੀਨਨ ਹੀ ਸਦੀਵੀ ਆਨੰਦ ਵਿਚ ਸਮਾ ਜਾਵਾਂਗੇ। ਇਸ ਪਦਾਰਥਵਾਦੀ ਯੁੱਗ 'ਚ ਬੜਾ ਜ਼ਰੂਰੀ ਹੈ ਅਕਾਲ-ਪੁਰਖ ਦੇ ਭਾਣੇ 'ਚ ਰਾਜ਼ੀ ਰਹਿਣਾ ਅਤੇ ਗੁਰਬਾਣੀ ਤੋਂ ਸੇਧ ਲੈ ਕੇ ਜੀਵਨ ਬਤੀਤ ਕਰਨਾ।

# ਗ

ਗੱਗਾ । Gaggaa

# ਗੁਰੂ ਨਾਲ ਰਾਬਤਾ

ਆਉਂਦੇ ਸਮਿਆਂ 'ਚ ਅਸੀਂ ਕੀਰਤਨ ਦਰਬਾਰਾਂ, ਖ਼ਾਲਸਾ ਮਾਰਚਾਂ, ਕਥਾ-ਲੈਕਚਰਾਂ, ਸੈਮੀਨਾਰਾਂ, ਗੁਰਮਤਿ ਸਮਾਗਮਾਂ ਅਤੇ ਹੋਰ ਵੀ ਤਰ੍ਹਾਂ-ਤਰ੍ਹਾਂ ਦੇ ਪ੍ਰੋਗਰਾਮਾਂ ਦੀ ਚਰਚਾ ਹੁੰਦੀ ਤਾਂ ਸੁਣਾਂਗੇ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਰ ਤੁਕ ਵਿਚ ਪ੍ਰਗਟ ਕੁਦਰਤ, ਕੁਦਰਤੀ ਦ੍ਰਿਸ਼ਾਂ, ਪ੍ਰਕ੍ਰਿਤਕ ਹੁਸਨ ਤੇ ਕਾਦਰ ਦੀ ਅਮਿੱਟ ਝਲਕ ਵਲ ਸਾਡਾ ਧਿਆਨ ਨਹੀਂ ਜਾਵੇਗਾ। ਅਜੋਕੇ ਆਧੁਨਿਕ ਯੁੱਗ ਵਿਚ ਪਦਾਰਥਕ ਜੀਵਨ ਜਿਊਂਦੇ ਮਨੁੱਖ ਦੇ ਚਾਰ ਚੁਫੇਰਿਓਂ ਸਹਿਜਤਾ ਤੇ ਸਾਦਗੀ ਖੁੱਸ ਚੁੱਕੀ ਹੈ ਤੇ ਇਨਸਾਨੀਅਤ ਦਾ ਭਾਵ ਅਲੋਪ ਹੁੰਦਾ ਜਾ ਰਿਹਾ ਹੈ। ਇਨ੍ਹਾਂ ਹਾਲਾਤਾਂ 'ਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਕੋਈ ਸੇਧ ਤੇ ਸਹਾਇਤਾ ਕਿਉਂ ਨਹੀਂ ਲੈ ਰਹੇ? ਪੱਥਰਾਂ ਦੇ ਵੱਡੇ-ਵੱਡੇ ਘਰਾਂ 'ਚ ਨਿਵਾਸ ਕਰ ਰਿਹਾ ਅੱਜ ਦਾ ਮਨੁੱਖ ਬਹੁਤ ਤੇਜ਼ੀ ਨਾਲ ਕੁਦਰਤ ਨਾਲੋਂ ਰਾਬਤਾ ਤੋੜਦਾ ਜਾ ਰਿਹਾ। ਇਸੇ ਕਰ ਕੇ ਉਹ ਅੰਧਵਿਸ਼ਵਾਸੀ, ਲੋਭੀ, ਲਾਲਚੀ ਤੇ ਕ੍ਰੋਧੀ ਬਣਦਾ ਜਾ ਰਿਹੈ। ਪਰ ਅਜਿਹੇ ਪਦਾਰਥਵਾਦੀ ਚੌਗਿਰਦੇ ਵਿਚ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਬਹਾਰ ਮੌਜੂਦ ਹੈ। ਜਿਥੇ ਕੁਦਰਤ ਤੇ ਕਾਦਰ ਦੋਹਾਂ ਦੇ ਦੀਦਾਰੇ ਹੁੰਦੇ ਹਨ: **ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥** ਆਓ ਮੁੜ ਤੋਂ ਕੁਦਰਤ ਦੀ ਨਿੱਘੀ ਗੋਦੀ ਵਿਚ ਬੈਠਣ ਅਤੇ ਗੁਰੂ ਸੰਦੇਸ਼ ਨੂੰ ਧੁਰ ਅੰਦਰ ਵਸਾਉਂਣ ਦੀ ਕੋਸ਼ਿਸ਼ ਕਰੀਏ ਤੇ ਸਮੁੱਚੀ ਲੋਕਾਈ ਨੂੰ ਆਵਾਜ਼ਾਂ ਮਾਰਦੀ ਕੁਦਰਤ ਦੀ ਗੋਦੀ ਦਾ ਨਿੱਘ ਮਾਣਦਿਆਂ ਜੀਵਨ 'ਚ ਖੇੜਾ ਭਰੀਏ।

# ਘ

ਘੱਗਾ I Ghaggaa

# ਘਾਲਿ ਖਾਇ ਕਿਛੁ ਹਥਹੁ ਦੇਇ॥

ਅਸੀਂ ਸਾਰਿਆਂ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਵੇਂ ਵਰ੍ਹੇ ਦੀ ਆਮਦ ਤੇ ਖੁਸ਼ੀਆਂ ਮਨਾਈਆਂ, ਗੁਰਦੁਆਰਿਆਂ 'ਚ ਜਾ ਚਹੁੰ ਪਾਸੇ ਖੇੜੇ ਅਤੇ ਸਰਬਤ੍ਰ ਸੁੱਖ ਵਰਤਣ ਦੀਆਂ ਅਰਦਾਸਾਂ ਕੀਤੀਆਂ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਅਰਦਾਸਾਂ ਤਾਂ ਅਸੀਂ ਸਾਰੇ ਹੀ ਕਰਦੇ ਹਾਂ ਪਰ ਸਾਡੇ 'ਚੋਂ ਕਿੰਨੇ ਕੁ ਹਨ ਜਿਹੜੇ ਅਰਦਾਸ ਕਰਨ ਦੇ ਨਾਲ-ਨਾਲ ਸਰਬੱਤ ਦੇ ਭਲੇ ਲਈ ਉਦਮ ਤੇ ਉਪਰਾਲੇ ਵੀ ਕਰਦੇ ਹਨ? ਇਹ ਸਾਰਾ ਕੁਝ ਸਿਰਫ਼ ਗੁਰੂ ਅੱਗੇ ਅਰਦਾਸ ਕਰਨ ਨਾਲ ਨਹੀਂ, ਉਸਦੇ ਦਰਸਾਏ ਮਾਰਗ ਤੇ ਚੱਲਣ ਅਤੇ ਉਸਦੀ ਸਿੱਖਿਆਵਾਂ ਤੇ ਅਮਲ ਕਰਨ ਨਾਲ ਹੀ ਸੰਭਵ ਹੋਵੇਗਾ। ਅਸਲ ਵਿਚ ਨਵੇਂ ਸਾਲ ਤੇ ਸਾਨੂੰ ਸਿਰਫ਼ ਬਾਹਰੋਂ ਨਹੀਂ ਅੰਦਰੋਂ ਵੀ ਨਵਾਂ ਹੋਣਾ ਪਵੇਗਾ। ਜੀਵਨ ਵਿਚ ਉਸਾਰੂ ਤੇ ਅਗਾਂਹਵਧੂ ਸੋਚ ਰੱਖ ਕੇ ਨਵੀਨ ਉਪਰਾਲੇ ਕਰਨੇ ਪੈਣਗੇ, ਤਾਂ ਜੋ ਅਸੀਂ ਖੁਸ਼ਹਾਲ ਤੇ ਤਰੱਕੀ ਦੀ ਰਾਹ ਤੇ ਅੱਗੇ ਵੱਧ ਸਕੀਏ। ਗੁਰੂ ਨਾਨਕ ਸਾਹਿਬ **ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥** ਸ਼ਬਦ ਰਾਹੀਂ ਵੇਹਲੇ ਅਤੇ ਆਲਸੀ ਮਨੁੱਖ ਨੂੰ ਸਮਝਾਉਂਦੇ ਹੋਏ ਮਿਹਨਤ ਕਰਨ ਅਤੇ ਲੋਕਾਈ ਦੀ ਸੇਵਾ ਕਰਨ ਵਲ ਪ੍ਰੇਰਿਤ ਕਰਦੇ ਹਨ।

# ਙ

ਙੰਙਾ I Nganngaa

# ਙੰਙੈ ਙਿਆਨੁ ਬੂਝੈ ਜੇ ਕੋਈ

ਆਮਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਸਾਡੇ ਕਰਮਾਂ ਦੇ ਲੇਖ ਰੱਬ ਲਿਖਦਾ ਹੈ ਪਰ ਗੁਰਬਾਣੀ ਦਾ ਫੁਰਮਾਣ ਹੈ: **ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥** ਇਸਤੋਂ ਇਹ ਸਾਫ਼ ਜ਼ਾਹਰ ਹੁੰਦਾ ਹੈ ਕਿ ਸਾਡੇ ਲੇਖਾਂ ਪਿੱਛੇ ਸਾਡਾ ਆਪਣਾ ਹਥ ਹੁੰਦਾ ਹੈ, ਸਾਡੇ ਦੁਆਰਾ ਅੱਜ ਕੀਤੇ ਜਾ ਰਹੇ ਚੰਗੇ ਜਾਂ ਮਾੜੇ ਕਰਮ ਹੀ ਸਾਡੇ ਭਵਿੱਖ ਲਈ ਜ਼ਿੰਮੇਵਾਰ ਹੁੰਦੇ ਹਨ। ਲੇਬਰ ਅੰਡਰ ਕਰੈਕਟ ਨੋਲੇਜ ਵੀ ਇਸੇ ਸੰਕਲਪ ਦੀ ਨੁਮਾਇੰਦਗੀ ਕਰਦਾ ਹੈ, ਜੇਕਰ ਗਿਆਨ ਸਹੀ ਢੰਗ ਤੇ ਠੀਕ ਜਗ੍ਹਾ ਤੋਂ ਪ੍ਰਾਪਤ ਕੀਤਾ ਜਾਵੇ ਤਾਂ ਜੀਵਨ ਵਧੀਆ ਮਾਣਿਆ ਜਾ ਸਕਦਾ। ਸੋ ਗੁਰਬਾਣੀ ਸਾਨੂੰ ਭਰਮ-ਭੁਲੇਖਿਆ 'ਚੋਂ ਕਢਦੇ ਹੋਏ ਉਦਮ ਕਰਨ ਲਈ ਪ੍ਰੇਰਦੀ ਹੈ: **ਮੇਰਾ ਮਨੁ ਆਲਸੀਆ ਉਘਲਾਨਾ॥** ਭਾਵ ਆਲਸੀ ਮਨੁੱਖ ਨੂੰ ਆਲਸ ਤਿਆਗ ਕੇ ਮਿਹਨਤ ਵਲ ਰੁਖ ਕਰਨ ਦਾ ਹਲੂਣਾ ਦਿੰਦੀ ਹੈ। ਮੰਦੇ ਕਰਮ ਸਿਰਫ ਦੁੱਖਾਂ ਦਾ ਰਾਹ ਇਖਤਿਆਰ ਕਰਨਯੋਗ ਹਨ, ਸੁਖਾਲੇ ਭਵਿੱਖ ਲਈ ਸਾਨੂੰ ਅੱਜ ਤੇ ਹੁਣੀ ਤੋਂ ਹੀ ਕਰਮ ਵੀ ਸੁਖਾਲੇ ਕਰਨ ਦਾ ਦ੍ਰਿੜ੍ਹ ਨਿਸ਼ਚਾ ਕਰਨਾ ਪਵੇਗਾ।

# ਚ

ਚੱਚਾ I Chachchaa

# ਚਾਹਤ ਕਾਮਯਾਬੀ ਦੀ

ਰੱਬ ਜੀ ਨੇ ਹਰ ਮਨੁੱਖ ਨੂੰ ਇਕ ਬਹੁਤ ਹੀ ਮਹੱਤਵਪੂਰਨ ਚੀਜ਼ ਦਿਮਾਗ ਤੇ ਸੋਝੀ ਬਖਸ਼ੀ ਹੈ। ਗੁਰਬਾਣੀ ਦਾ ਫੁਰਮਾਣ ਹੈ **ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥** ਭਾਵ ਕੁੱਲ ਕਾਇਨਾਤ ਵਿਚ ਜਿੰਨੇ ਵੀ ਜੀਵ ਹਨ, ਸਭ ਦੇ ਅੰਦਰ ਪਰਮਾਤਮਾ ਦੀ ਹੀ ਬਖਸ਼ੀ ਹੋਈ ਸੂਝ, ਸਮਝ ਤੇ ਸੁਰਤ ਕੰਮ ਕਰ ਰਹੀ ਹੈ, ਰੱਬ ਜੀ ਨੇ ਕੋਈ ਵੀ ਐਸਾ ਜੀਵ ਪੈਦਾ ਨਹੀਂ ਕੀਤਾ ਜਿਸ ਨੂੰ ਸੂਝ ਤੋਂ ਵਿਰਵਾ ਰੱਖਿਆ ਹੋਵੇ। ਜਿਸ ਕਿਸੇ ਕੋਲ ਜਿਹੋ ਜਿਹੀ ਸੂਝ ਹੁੰਦੀ ਹੈ, ਉਹੋ ਜਿਹਾ ਉਹ ਜੀਵਨ ਦਾ ਰਾਹ ਫੜ੍ਹ ਲੈਂਦਾ ਹੈ। ਹੁਣ ਫੈਸਲਾ ਸਾਡਾ ਹੈ ਕਿ ਅਸੀਂ ਸੁਰਤ-ਸੋਝੀ ਤੇ ਨਾਲ ਹੀ ਅਮੋਲਕ ਮਨੁੱਖਾ ਦੇਹੀ ਦਾ ਇਸਤੇਮਾਲ ਕਿਸ ਤਰ੍ਹਾਂ ਤੇ ਕਿੱਥੇ ਕਰਨਾ ਹੈ। ਅਸੀਂ ਆਪਣੀ ਨਾਕਾਮਯਾਬੀ ਲਈ ਰੱਬ ਜੀ ਨੂੰ ਦੋਸ਼ ਦੇਣ ਦੀ ਥਾਂ ਜੇਕਰ ਮਨੁੱਖਾ ਦੇਹੀ ਦਾ ਸਹੀ ਉਪਯੋਗ ਕਰੀਏ ਤਾਂ ਸਾਨੂੰ ਕਾਮਯਾਬੀ ਵਾਹਿਗੁਰੂ ਜੀ ਨੇ ਆਪ ਬਖਸ਼ਣੀ ਹੈ।

# ਛ

ਛੱਛਾ I Chhachhchhaa

# ਛੁਟਕਾਰਾ ਹੰਕਾਰ ਤੋਂ

ਗੁਰਬਾਣੀ ਕੇਵਲ ਰੂਹਾਨੀ ਖੇਤਰ ਵਿੱਚ ਹੀ ਨਹੀਂ ਸਗੋਂ ਜੀਵਨ ਦੇ ਹੋਰ ਖੇਤਰਾਂ ਜਿਵੇਂ ਆਪਸੀ ਰਿਸ਼ਤਿਆਂ ਵਿੱਚ ਵੀ ਸਾਡੀ ਅਗਵਾਈ ਕਰਦਿਆਂ ਸਾਨੂੰ ਸਿੱਧੇ ਰਾਹ ਪਾਉਂਦੀ ਹੈ। ਗੁਰਬਾਣੀ ਹਉਮੈ ਦੀ ਬਿਮਾਰੀ ਤੋਂ ਬਚਣ ਲਈ ਸਾਨੂੰ ਪ੍ਰੇਰਦੀ ਹੈ ਤੇ ਨਿਮਰਤਾ ਨੂੰ ਅਪਨਾਉਣ ਦਾ ਸਬਕ ਦੇਂਦੀ ਹੈ। ਸਿੱਖ ਗੁਰੂਆਂ ਨੇ ਨਿਮਰ ਬਣ ਕੇ ਆਪਣਾ ਜੀਵਨ ਬਿਤੀਤ ਕੀਤਾ ਹੈ, ਪਰ ਅਜੋਕਾ ਮਨੁੱਖ ਹਉਮੈ 'ਚ ਗ੍ਰਹਿਸਤ ਹੋ ਕੇ ਸਬਰ ਤੇ ਭਾਣੇ ਤੋਂ ਮੁਨਕਰ ਹੁੰਦਾ ਜਾ ਰਿਹਾ ਹੈ। ਮਨੁੱਖ ਲਈ ਬਹੁਤੀਆਂ ਪ੍ਰਾਪਤੀਆਂ ਵੀ ਹਉਮੈਂ-ਹੰਕਾਰ ਦਾ ਕਾਰਣ ਬਣਦੀਆਂ ਜਾ ਰਹੀਆਂ ਹਨ। ਗੁਰੂਆਂ ਦੇ ਫੁਰਮਾਣ ਮੁਤਾਬਕ ਸਾਨੂੰ ਇਸ ਹੰਕਾਰੀ ਭਾਵ ਨੂੰ ਤਿਆਗਣ ਦੀ ਲੋੜ ਹੈ ਕਿਉਂਕਿ ਇਹ ਭਾਵ ਸਾਨੂੰ ਅਕਾਲ ਪੁਰਖ ਦੇ ਨੇੜੇ ਲੈ ਜਾਣ ਦੀ ਬਜਾਇ ਬਹੁਤ ਦੂਰ ਲੈ ਜਾਂਦਾ ਹੈ ਤੇ ਇਸ ਮਾਇਆਵੀ ਦੁਨੀਆ 'ਚ ਸਾਡੇ ਲਈ ਦੁੱਖ ਭੋਗਣ ਦਾ ਕਾਰਣ ਬਣਦਾ ਹੈ। ਬਾਣੀ ਵਿਚ ਬੜੀ ਬਾਰੀਕੀ ਨਾਲ ਇਹ ਗਲ ਸਪਸ਼ਟ ਕੀਤੀ ਹੈ: **ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥** ਜੇਕਰ ਹਉਮੈ-ਹੰਕਾਰ ਤੋਂ ਬਚਣਾ ਹੈ ਤਾਂ ਸਾਨੂੰ ਹਰ ਵੇਲੇ ਆਪਣੇ ਮਨ ਦੇ ਫੁਰਨਿਆਂ ਨੂੰ ਵਾਚਦੇ ਰਹਿਣਾ ਚਾਹੀਦਾ ਹੈ ਤੇ ਮਾੜੇ ਖਿਆਲਾਂ ਨੂੰ ਮਨ ਅੰਦਰ ਥਾਂ ਨਹੀ ਦੇਣੀ ਚਾਹੀਦੀ। ਇਸ ਉਪਰੰਤ ਸਹਿਜੇ ਸਹਿਜੇ ਹਉਮੈ ਦਾ ਦਾਰੂ ਅਸਰ ਕਰਨ ਲਗਦਾ ਹੈ ਤੇ ਅਸੀਂ ਆਪਣੇ ਜੀਵਨ ਨੂੰ ਸਫਲ ਕਰਨ ਵਾਲੇ ਪਾਸੇ ਤੁਰ ਪੈਂਦੇ ਹਾਂ।

# ਜ

ਜੱਜਾ I Jajjaa

# ਜੀਵਨ ਜੁਗਤੀ

ਇਨਸਾਨ ਦੀ ਬਣਤਰ ਮਨ ਅਤੇ ਸਰੀਰ ਦੋਹਾਂ ਨਾਲ ਮੁਕੰਮਲ ਹੁੰਦੀ ਹੈ। ਸਰੀਰ ਅਤੇ ਮਨ ਦੀਆਂ ਆਪਣੀਆਂ ਆਪਣੀਆਂ ਲੋੜਾਂ ਹਨ। ਸੰਸਾਰ ਵਿੱਚ ਰਹਿੰਦਿਆਂ ਮਨੁੱਖ ਮਿਹਨਤ-ਉਦਮ ਸਦਕਾ ਜੋ ਚਾਹੇ ਉਹ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਅਜੋਕਾ ਪਦਾਰਥਵਾਦੀ ਯੁੱਗ ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਨਾਲ ਭਰਿਆ ਪਿਆ ਹੈ। ਪਰ ਕੀ ਜਿਸ ਤਰ੍ਹਾਂ ਪਦਾਰਥਕ ਸੁੱਖ ਖਰੀਦੇ ਜਾ ਸਕਦੇ ਹਨ, ਉਦਾਂ ਮਨ ਦੇ ਸੁੱਖਾਂ ਦਾ ਵੀ ਕੋਈ ਮੁੱਲ ਹੁੰਦਾ ਹੈ? ਇਸਦਾ ਉੱਤਰ ਹੈ ਬਿਲਕੁਲ ਨਹੀਂ, ਕਿਉਂਕਿ ਮਨ ਦੇ ਸੁੱਖਾਂ ਲਈ ਮਾਨਸਕ ਤੌਰ 'ਤੇ ਵੱਖਰੀ ਕਿਸਮ ਦੀ ਮਿਹਨਤ ਕਰਨੀ ਪੈਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜੀਵਨ ਜੁਗਤੀ ਦੀ ਸਮਝ ਲੈਣੀ ਪੈਂਦੀ ਹੈ: **ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ॥** ਜਿਸ ਉਪਰੰਤ ਉੱਚੇ ਆਤਮਕ ਸੁੱਖ ਦੀ ਪ੍ਰਾਪਤੀ ਦਾ ਰਾਹ ਖੁਲ੍ਹਦਾ ਹੈ। ਜੰਗਲਾਂ ਵਿਚ ਸਮਾਧੀਆਂ ਲਾਉਣ ਨਾਲ ਇਸ ਆਤਮਕ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਸਲ ਸੁੱਖ ਉਸ ਮਨੁੱਖ ਨੂੰ ਮਿਲਦਾ ਹੈ ਜਿਸ ਨੂੰ ਜ਼ਿੰਦਗੀ ਦੀਆਂ ਔਖਤਾਈਆਂ ਵਿਚੋਂ ਲੰਘਦਿਆਂ ਜੀਵਨ ਜਿਉਣਾ ਆ ਜਾਏ।



ਝੱਜਾ I Jhajjaa

# ਝੂਰਨਾ !

ਖ਼ਿਆਲਾਂ ਦਾ ਮਤ ਭੇਦ ਹੋਣਾ ਕੁਦਰਤੀ ਹੈ। ਪਰਵਾਰ ਵਿੱਚ ਵੀ ਕਈ ਵਾਰ ਆਪਸ ਵਿੱਚ ਵਿਚਾਰ ਨਹੀਂ ਮਿਲਦੇ ਫਿਰ ਵੀ ਪਰਵਾਰ ਇਕੱਠਾ ਰਹਿ ਰਿਹਾ ਹੁੰਦਾ ਹੈ। ਮਨੁੱਖ ਦੀ ਇੱਕ ਬੁਨਿਆਦੀ ਕਮਜ਼ੋਰੀ ਹੈ ਤੇ ਚਾਹੁੰਦਾ ਵੀ ਹੈ ਕਿ ਹਰ ਦੂਜਾ ਮਨੁੱਖ ਮੇਰੇ ਵਾਂਗ ਸੋਚੇ, ਮੇਰੀ ਹਾਂ ਵਿੱਚ ਹਾਂ ਮਿਲਾਏ। ਹਮੇਸ਼ਾਂ ਆਪਣੀ ਗੱਲ ਪੁਗਾਉਣ ਵਾਲਾ ਮਨੁੱਖ ਨਵੀਂ ਸੋਚ ਦੇ ਦਰਵਾਜ਼ੇ ਸਦਾ ਲਈ ਬੰਦ ਕਰ ਲੈਂਦਾ ਹੈ। ਮਨੁੱਖੀ ਸੁਭਾਅ ਦੀ ਇੱਕ ਹੋਰ ਵੀ ਵੱਡੀ ਕਮਜ਼ੋਰੀ ਇਹ ਹੈ ਕਿ ਜੋ ਮੈਨੂੰ ਸਮਝ ਲੱਗ ਗਿਆ ਹੈ ਉਹੀ ਆਖ਼ਰੀ ਸੱਚ ਹੈ। ਕਬੀਰ ਸਾਹਿਬ ਜੀ ਨੇ ਮਨੁੱਖਤਾ ਦਾ ਭਲਾ ਕਰਦਿਆਂ ਬੜਾ ਕੀਮਤੀ ਵਿਚਾਰ ਦਿੱਤਾ ਹੈ: **ਬੰਦੇ ਖੋਜੁ ਦਿਲ ਹਰਰੋਜ ਨਾ ਫਿਰੁ ਪਰੇਸਾਨੀ ਮਾਹਿ॥** ਭਾਵ ਜੇਕਰ ਮਨੁੱਖ ਹਰ ਰੋਜ਼ ਆਪਣੇ ਆਪ ਦੀ ਸਵੈ ਪੜਚੋਲ ਕਰਦਾ ਰਹੇ ਤਾਂ ਮੰਜ਼ਿਲਾਂ ਤਹਿ ਕਰਨ ਦੇ ਸਮਰੱਥ ਹੋਵੇਗਾ। ਪਰ ਇਕ ਦੂਜੇ ਤੋਂ ਝੂਰਦੇ ਸਿੱਖ ਆਪਸ ਵਿਚ ਹੀ ਮਤ-ਭੇਦਾਂ ਦੇ ਸ਼ਿਕਾਰ ਹਨ, ਇਕ ਦੂਜੇ ਨੂੰ ਗਲਤ ਸਾਬਤ ਕਰਨ ਵਲ ਰੁਚਿਤ ਹਨ ਬਜਾਇ ਇਹਦੇ ਕਿ **ਪ੍ਰਭ ਕੇ ਸੇਵਕ ਦੂਖ ਨ ਝੂਰਨ॥** ਮਹਾਵਾਕ ਅਨੁਸਾਰ ਈਰਖਾ ਤੇ ਝੂਰਨ ਨੂੰ ਤਿਆਗਦਿਆਂ ਆਤਮਕ ਸੋਝੀ ਰਾਹੀਂ ਆਪਣਾ ਅੰਦਰ ਪ੍ਰਕਾਸ਼ਮਾਨ ਕਰਨ ਵਲ ਕਦਮ ਪੁੱਟਣ।




ਞੰਞਾ I Njannjaa

# ਵਾ ਕੈ ਹਾਥਿ ਸਮਰਥ

ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਛਲ਼, ਫਰੇਬ, ਠੱਗੀ, ਠੋਰੀ ਤੇ ਚਲਾਕੀ ਦਾ ਸਾਰੇ ਪਾਸੇ ਰਾਜ ਚੱਲ ਰਿਹਾ ਸੀ। ਭਾਰਤ ਦੀ ਹਰ ਨੁਕਰ ਵਿੱਚ ਪਾਪ-ਅਪਰਾਧ, ਜ਼ੁਲਮ, ਐਸ਼-ਇਸ਼ਰਤ ਤੋਂ ਬਿਨਾ ਕੁੱਝ ਲੱਭਦਾ ਹੀ ਨਹੀਂ ਸੀ। ਇਨਸਾਨੀਅਤ ਦੇ ਰਾਖੇ ਰਾਜੇ ਸ਼ਿਕਾਰੀਆਂ ਵਾਲੀ ਬਿਰਤੀ ਧਾਰਨ ਕਰ ਚੁੱਕੇ ਸਨ। ਉਸ ਵੇਲੇ ਦੀ ਕਰਮਕਾਂਡੀ ਸੋਚ ਨੇ ਲੋਕਾਂ ਵਿਚੋਂ ਸਵੈ ਮਾਣ, ਅਣਖ-ਗੈਰਤ ਵਰਗੀਆਂ ਹਕੀਕਤਾਂ ਹੀ ਗਵਾ ਦਿੱਤੀਆਂ ਹੋਈਆਂ ਸਨ। ਅੰਧਵਿਸ਼ਵਾਸਾਂ ਨੇ ਲੋਕਾਂ ਨੂੰ ਕੁਰਾਹੇ ਪਾਇਆ ਹੋਇਆ ਸੀ। ਅਜਿਹੇ ਮਾੜੇ ਸਮੇਂ 'ਚ **ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥** ਭਾਵ ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਅਜਿਹੇ ਸਮਾਜ ਦੀ ਨੀਂਹ ਰੱਖੀ ਜਿਹੜਾ ਖ਼ੁਦਮੁਖਤਿਆਰੀ ਦਾ ਹੱਕ ਦੇਂਦਾ ਸੀ ਅਤੇ ਮਨੁੱਖੀ ਅਧਿਕਾਰਾਂ ਦੀ ਖਾਤਰ ਕੁਰਬਾਨੀ ਦੇਣ ਦੇ ਸਮਰਥ ਸੀ। ਅਜੇਹੇ ਸਮਾਜ ਵਿੱਚ ਭੈ-ਭਾਵਨੀ, ਆਪਸ ਵਿੱਚ ਮਿਲ ਬੈਠਣਾ, ਸੰਤੋਖ, ਧੀਰਜ, ਖਿਮਾਂ, ਕਿਸੇ ਦੇ ਵਿਚਾਰਾਂ ਨੂੰ ਸਹਿਜ ਨਾਲ ਸੁਣਨ ਦੀ ਸ਼ਕਤੀ ਰੱਖਣੀ, ਭਾਵ ਰੱਬੀ ਗੁਣਾਂ ਨਾਲ ਭਰਪੂਰਤਾ ਵਾਲੇ ਸਮਾਜ ਦੀ ਬਣਤਰ ਨੂੰ ਸਾਕਾਰ ਕੀਤਾ। ਇਹ ਸਭ ਉਸ ਅਕਾਲ ਪੁਰਖ ਵਾਹਿਗੁਰੂ ਦੀ ਰਚੀ ਖੇਡ ਹੈ ਜਿਸ ਬਾਬਤ ਗੁਰੂ ਅਰਜਨ ਸਾਹਿਬ ਲਿਖਦੇ ਹਨ **ਵਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ॥** ਇਥੇ ਇਕ ਗੱਲ ਵਿਚਾਰਨ ਵਾਲੀ ਹੈ ਕਿ ਰਬ ਜੀ ਦੀ ਸਤਿਆ ਦਾ ਵਾਸ ਹਰ ਮਨੁੱਖੀ ਸ਼ਰੀਰ ਵਿੱਚ ਹੈ ਤੇ ਇਸ ਧਰਤੀ ਨੂੰ ਸਵਰਗ ਬਣਾਉਣ ਲਈ **ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥** ਦੇ ਗੁਰੂ ਹੁਕਮ ਨੂੰ ਵੀ ਸਮਝਣਾ ਹੈ।



ਟੈਂਕਾ I Tainkaa

# ਟਹਲ ਕਰਹੁ ਤਉ ਏਕ ਕੀ

ਧਾਰਮਿਕ ਸਥਾਨਾਂ ਤੇ ਲੱਗੀਆਂ ਭੀੜਾਂ ਦੱਸ ਰਹੀਆਂ ਹਨ ਕਿ ਅੱਜ ਵੀ ਸ਼ਰਧਾਲੂ ਬਹੁਤ ਹਨ। ਕਈ ਵਾਰੀ ਤਾਂ ਇਤਿਹਾਸਕ ਗੁਰਦੁਆਰਿਆਂ ਵਿੱਚ ਵਿਸ਼ੇਸ ਗੁਰਪੁਰਬਾਂ 'ਤੇ ਮੱਥਾ ਟੇਕਣ ਲਈ ਘੰਟਿਆਂ ਬੱਧੀ ਕਤਾਰ ਵਿੱਚ ਖਲੋਣਾ ਵੀ ਪੈਂਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਗਏ ਤਾਬਿਆ ਬੈਠੇ ਗ੍ਰੰਥੀ ਦੀ ਪਿੱਠ ਨੂੰ ਵੀ ਜਾ ਮੱਥਾ ਟੇਕਦੇ ਹਾਂ। ਇੱਥੋਂ ਤੱਕ ਕਿ ਜਿੱਥੇ ਕੋਈ ਗ੍ਰੰਥੀ ਜਾਂ ਪਾਠੀ ਸਿੰਘ ਪੈਰ ਰੱਖਦਾ ਹੈ ਸ਼ਰਧਾਲੂ ਉਸ ਥਾਂ 'ਤੇ ਹੀ ਮੱਥਾ ਟੇਕਣ ਨੂੰ ਆਪਣੇ ਵੱਡਭਾਗ ਸਮਝਦੇ ਹਨ। ਸੋਚਣ ਵਾਲੀ ਗੱਲ ਹੈ ਕਿ ਸਿਰਫ ਗੁਰਦੁਆਰਿਓਂ ਹੋ ਕੇ ਆਉਣ ਨਾਲ ਸਾਡਾ ਕੋਈ ਉਧਾਰ ਹੋ ਸਕਦਾ ਹੈ? ਕੀ ਸਿਰਫ ਗੁਰੂ ਸਾਹਿਬ ਜੀ ਨੂੰ ਮੱਥਾ ਟੇਕਣ ਨਾਲ ਜਾਂ ਦਰਸ਼ਨ ਕਰਨ ਨਾਲ ਅਸੀਂ ਵਿਕਾਰਾਂ ਵਲੋਂ ਮੁਕਤ ਹੋ ਸਕਦੇ ਹਾਂ? ਇਸ ਬਾਬਤ ਗੁਰੂ ਸਾਹਿਬ ਲਿਖਦੇ ਹਨ: **ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥** ਭਾਵ ਸਾਰਾ ਸੰਸਾਰ ਮੱਥਾ ਤਾਂ ਟੇਕ ਰਿਹਾ ਹੈ ਪਰ ਵਿਕਾਰਾਂ ਤੋਂ ਮੁਕਤ ਨਹੀਂ ਹੋ ਰਿਹਾ। ਜਿੰਨ੍ਹਾਂ ਚਿਰ ਮਨੁੱਖ ਸ਼ਬਦ ਦੀ ਵਿਚਾਰ ਨੂੰ ਆਪਣੀ ਸੋਚ ਦਾ ਹਿੱਸਾ ਨਹੀਂ ਬਣਾਉਂਦਾ ਉਨਾਂ ਚਿਰ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਦਾ। ਸੋ ਮੱਥਾ ਟੇਕਣ ਦੇ ਨਾਲ ਨਾਲ ਉਹਨਾਂ ਦੀਆਂ ਸਿਖਿਆਵਾਂ ਨੂੰ ਵੀ ਗ੍ਰਹਿਣ ਕਰਨ ਦੀ ਅਤੇ ਟੇਕ ਸ਼ਬਦ ਵਿਚਾਰ ਤੇ ਰੱਖਣ ਦੀ ਜ਼ਿਆਦਾ ਲੋੜ ਹੈ: **ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ॥**



ਠੱਠਾ I Thaththaa

# ਠਾਕੁਰੁ ਸਰਬੇ ਸਮਾਣਾ॥

ਗੁਰਬਾਣੀ ਦੇ ਸਿਧਾਂਤ ਨੂੰ ਸਮਝਾਉਣ ਲਈ ਦੋ ਵੱਖਰੇ ਸ਼ਬਦ— 'ਕਾਦਰ ਤੇ ਕੁਦਰਤ' ਵਰਤੇ ਗਏ ਹਨ ਪਰ ਇਨ੍ਹਾਂ ਦੋਹਾਂ ਵਿਚ ਕੋਈ ਅਭੇਦਤਾ ਨਹੀਂ, ਇਨ੍ਹਾਂ ਦਾ ਆਂਤਰਿਕ ਅਰਥ ਇਕੋ ਹੈ। ਕਣ-ਕਣ 'ਚ ਕਾਦਰ ਆਪ ਵੱਸਦਾ ਹੈ— **ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ॥ ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ॥** ਜਿਸ ਕਰਕੇ ਗੁਰੂ ਸਾਹਿਬਾਨ ਬਾਣੀ ਰਾਹੀਂ ਸਾਨੂੰ ਸੇਧ ਦਿੰਦਿਆਂ ਹੋਇਆਂ ਕਾਦਰ ਰੂਪੀ ਕੁਦਰਤ ਨੂੰ ਸਾਂਭਣ ਲਈ ਪ੍ਰੇਰਦੇ ਹਨ: **ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥** ਪਰ ਅਸੀਂ ਨਿਮਾਣੇ ਮਨੁੱਖ ਗੁਰਦੁਆਰਿਆਂ ਦੀਆਂ ਸਜਾਵਟਾਂ ਲਈ ਕਰੋੜਾਂ ਦੇ ਅਨਮੋਲ ਫੁੱਲਾਂ ਨੂੰ ਡਾਲੀ ਨਾਲੋਂ ਤੋੜ ਕੇ ਕੁਦਰਤ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਗੁਰੂਆਂ ਦੇ ਹੁਕਮ ਦੀ ਉਲੰਘਣਾ ਕਰਕੇ ਕੁਰਾਹੇ ਪੈ ਰਹੇ ਹਾਂ? ਅਜਿਹਾ ਕਰਦਿਆਂ ਅਸੀਂ ਸਿਰਫ਼ ਕੁਦਰਤ ਨੂੰ ਹੀ ਨਹੀਂ ਸਗੋਂ ਪੰਥ ਦੇ ਦਸਵੰਧ ਨੂੰ ਵੀ ਅਜਾਈਂ ਜ਼ਾਇਆ ਕਰ ਰਹੇ ਹਾਂ। ਗਰੀਬ ਕਾ ਮੂੰਹ ਗੁਰੂ ਕੀ ਗੋਲਕ ਮਹਾਂਵਾਕ ਅਨੁਸਾਰ ਦਸਵੰਧ ਨੂੰ ਲੋੜਵੰਦਾਂ ਲਈ ਵਰਤਣ ਦੀ ਲੋੜ ਹੈ ਤਾਂ ਜੋ ਕੌਮੀ ਵਿਕਾਸ ਬਰਾਬਰ ਲੀਹਾਂ 'ਤੇ ਹੋ ਸਕੇ। ਕੌਮ ਨੂੰ ਇਸ ਬਾਰੇ ਵਿਚਾਰ ਕਰਨ ਦੀ ਅਤੇ ਸੂਝਵਾਨ ਬਣਨ ਦੀ ਲੋੜ ਹੈ।

# ਡ

ਡੱਡਾ I Daddaa

# ਡੂੰਘੀ ਸਾਂਝ

ਅਸੀਂ ਅਕਸਰ ਸੁਣਦੇ ਹਾਂ ਕਿ ਰਿਸ਼ਤੇ ਤੇ ਸਾਂਝ ਹੁਣ ਪਹਿਲਾਂ ਵਾਲੀ ਨਹੀਂ ਰਹੀ, ਸਮੇਂ ਦੇ ਨਾਲ ਬਹੁਤ ਪਰਿਵਰਤਨ ਆ ਗਿਆ ਹੈ, ਇਕ ਦੂਜੇ ਕੋਲ ਬਹਿ ਕੇ ਦੁੱਖ-ਸੁੱਖ ਫੋਲਣ ਦਾ ਵੀ ਕਿਸੇ ਕੋਲ ਸਮਾਂ ਨਹੀਂ, ਇਹ ਸਾਰਾ ਕੁਝ ਮਨੁੱਖ ਲਈ ਮਾੜੇ ਨਤੀਜਿਆਂ ਦਾ ਕਾਰਣ ਬਣ ਰਿਹਾ। ਅਜਿਹੀ ਤਨਾਅਪੂਰਨ ਸਥਿਤੀ ’ਚ ਸਾਨੂੰ ਮਧੂਮੱਖੀਆਂ ਤੋਂ ਸੇਧ ਲੈਣ ਦੀ ਲੋੜ ਹੈ ਕਿਉਂਕਿ ਮਧੂਮੱਖੀਆਂ ਨੂੰ ਵੀ ਮਿੱਠਾ ਸ਼ਹਿਦ ਬਣਾਉਣ ਲਈ ਇਕੱਠੇ ਤੇ ਰਲ-ਮਿਲ ਕੇ ਰਹਿਣ ਦੀ ਲੋੜ ਪੈਂਦੀ ਹੈ। ਇਸੇ ਤਰ੍ਹਾਂ ਚਾਹੇ ਖ਼ੂਨ ਦੇ ਰਿਸ਼ਤੇ ਹੋਣ, ਚਾਹੇ ਕਿਸੇ ਨਾਲ ਡੂੰਘੀ ਸਾਂਝ ਹੋਵੇ, ਇਹ ਸਿਰਫ ਤਾਂ ਹੀ ਲੰਮਾ ਸਮਾਂ ਟਿਕ ਸਕਦੀ ਹੈ ਜੇਕਰ ਅਸੀਂ ਮਿਲ ਕੇ ਰਵ੍ਹਾਂਗੇ ਕਿਉਂਕਿ ਇਕੱਲੇ ਦਰਖਤ ਨੂੰ ਤਾਂ ਹਵਾਵਾਂ ਵੀ ਨਹੀਂ ਟਿਕਣ ਦਿੰਦੀਆਂ। ਪਰ ਸਾਨੂੰ ਮੁੱਖ ਤੌਰ ਤੇ ਕੌਮੀ ਏਕਤਾ ਲਿਆਉਣ ਲਈ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ ਦੀ ਲੋੜ ਹੈ, ਲੋੜ ਹੈ ਹਰ ਸਿੱਖ ਸਿੱਖੀ-ਸਿਧਾਂਤਾਂ ਅਨੁਸਾਰ ਜੀਵਨ ਜੀਵੇ, ਕਿਉਂਕਿ ਸਿਧਾਂਤਾਂ ਬਿਨਾਂ ਏਕਤਾ ਖਿਆਲ ਨਹੀਂ ਕੀਤੀ ਜਾ ਸਕਦੀ।

# ਢ

ਢੱਡਾ I Dhaddaa

# ਢਹਿੰਦੀ ਤੋਂ ਚੜ੍ਹਦੀਕਲਾ

21ਵੀਂ ਸਦੀ ਵਿਗਿਆਨ ਦਾ ਯੁੱਗ ਹੈ ਤੇ ਵਿਗਿਆਨ ਨੇ ਮਨੁੱਖ ਸਮਾਜ ਦੀ ਉੱਨਤੀ ਵਿੱਚ ਵੱਡਾ ਯੋਗਦਾਨ ਪਾਇਆ ਹੈ। ਭੌਤਿਕ ਪੱਧਰ ਉੱਤੇ ਮਨੁੱਖ ਨੇ ਬਹੁਤ ਉੱਨਤੀ ਕੀਤੀ ਹੈ, ਪਰ ਨਾਲ ਹੀ ਅਧਿਆਤਮਕ ਤੌਰ 'ਤੇ ਲੋਕ-ਮਨ ਕਮਜ਼ੋਰ ਅਤੇ ਢਹਿੰਦੀਕਲਾ ਵਾਲਾ ਵੀ ਬਹੁਤ ਹੋਇਆ ਹੈ। ਮਨ ਨੂੰ ਦੁਬਿਧਾ ਮੁਕਤ ਕਰਕੇ ਚੜ੍ਹਦੀਕਲਾ 'ਚ ਰੱਖਣ, ਅਧਿਆਤਮਕ ਜੀਵਨ ਜੀਊਣ ਅਤੇ ਸਤਿਗੁਰ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਦਾ ਫੁਰਮਾਣ ਹੈ: **ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥ ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮਪਦੁ ਲਹੀਐ॥** ਪ੍ਰਮਾਤਮਾ ਦੇ ਮਿਲਣ ਉਪਰੰਤ ਹੀ ਮਨ ਵਿੱਚ ਆਨੰਦ ਪੈਦਾ ਹੁੰਦਾ ਹੈ, ਮਨ ਦੀ ਦਵੈਤ ਭਾਵਨਾਂ ਤੇ ਡਾਵਾਂ ਡੋਲ ਹਾਲਤ ਮੁੱਕ ਜਾਂਦੀ ਹੈ ਅਤੇ ਅਕਾਲ ਪੁਰਖ ਦੇ ਮਿਲਾਪ ਦੀ ਸਭ ਤੋਂ ਉੱਚੀ ਆਤਮਕ ਅਵਸਥਾ ਪੈਦਾ ਹੋ ਜਾਂਦੀ ਹੈ। ਉਪਰੋਕਤ ਸੰਕਲਪ ਦਾ ਬੀਅ ਸਿੱਖ ਧਰਮ ਦੇ ਪਹਿਲੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ ਬੋਇਆ ਗਿਆ ਅਤੇ ਸਿੱਖ ਧਰਮ ਸਾਰੀ ਮਨੁੱਖਤਾ ਨੂੰ ਅੱਜ ਵੀ ਇਸ ਸੰਕਲਪ 'ਤੇ ਤੁਰਨ ਲਈ ਪ੍ਰੇਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਮਨ ਹੀ ਨਹੀਂ ਸਗੋਂ ਜ਼ਿੰਦਗੀ ਦੇ ਹਰ ਪੱਖ ਬਾਰੇ ਨਿਰਣੇਜਨਕ ਢੰਗ ਨਾਲ ਰੌਸ਼ਨੀ ਪਾਈ ਗਈ ਹੈ। ਅਜੋਕੇ ਮੁਸ਼ਕਲ ਦੌਰ 'ਚ ਅਸੀਂ ਸਿਰਫ਼ ਗੁਰੂਆਂ ਦੇ ਦਿਖਾਏ ਮਾਰਗ 'ਤੇ ਚਲ ਕੇ ਹੀ ਮੰਜਲ ਤਾਈਂ ਅੱਪੜ ਸਕਦੇ ਹਾਂ। ਅੱਜ ਸਾਨੂੰ ਲੋੜ ਹੈ ਅੰਨੀ ਸ਼ਰਧਾ, ਕਰਮ ਕਾਂਡ ਤੇ ਕਰਾਮਾਤਾਂ ਤੋਂ ਕਿਨਾਰਾ ਕਰਦਿਆਂ ਵਿਚਾਰਧਾਰਕ ਤੌਰ ਤੇ ਪ੍ਰਕਾਸ਼ਿਤ ਮਾਰਗ ਨੂੰ ਅਪਨਾਉਣ ਦੀ ਤਾਂ ਜੋ ਸਿੱਖੀ ਦਾ ਵਿਕਾਸ ਚੜ੍ਹਦੀਕਲਾ ਵਾਲਾ ਹੋ ਸਕੇ।

# ਣ

ਣਾਣਾ I Nhaanhaa

# ਨਾਮ ਵਿਹੂਣੇ ਆਦਮੀ

ਸਾਡੇ ਦਰਸ਼ਕਾਂ ਪਾਸੋਂ ਇਕ ਸਵਾਲ ਵਾਰ ਵਾਰ ਪੁੱਛਿਆ ਜਾਂਦਾ ਹੈ ਕਿ ਨਾਮ ਸਿਮਰਨ ਬਾਰੇ ਕੁਝ ਵਿਚਾਰ ਸਾਂਝੇ ਕਰੋ। ਆਪਣੀ ਬੜੀ ਅਲਪਮਤ ਦੇ ਨਾਲ ਦਰਸ਼ਕਾਂ ਨਾਲ ਨਾਮ ਸਿਮਰਨ ਬਾਰੇ ਸਾਂਝ ਪਾਉਂਦਿਆਂ ਦੱਸਣਾ ਚਾਹੁੰਦੇ ਹਾਂ ਕਿ ਨਾਮ ਤੋਂ ਭਾਵ ਹੈ ਗਿਆਨ ਅਤੇ ਸਿਮਰਨ ਤੋਂ ਭਾਵ ਹੈ ਉਸ ਗਿਆਨ ਨੂੰ ਸਮਝਣਾ। ਗਿਆਨ ਨੂੰ ਸਮਝ ਕੇ ਜਿਹੜੀ ਦ੍ਰਿਸ਼ਟੀ ਗੁਰੂ ਗ੍ਰੰਥ ਸਾਹਿਬ ਨੇ ਮਨੁੱਖਤਾ ਨੂੰ ਦਿੱਤੀ ਹੈ ਉਸ ਰਾਹੀਂ ਸਬਰ ਸੰਤੋਖ ਵਾਲੀ ਸਥਿਰ ਜ਼ਿੰਦਗੀ ਜਿਊਣੀ। ਨਾ ਕਿਸੇ ਦਿਖਾਵੇ 'ਚ ਪੈਣਾ ਤੇ ਨਾ ਹੀ ਕਿਸੇ ਭਰਮਾਂ ਚ ਪੈਣਾ। ਗੁਰੂ ਅਰਜਨ ਸਾਹਿਬ ਦਾ ਸ਼ਬਦ ਹੈ **ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥** ਭਾਵ ਪ੍ਰਮਾਤਮਾ ਦੇ ਨਾਲ ਬਿਰਤੀ ਜੋੜਨ ਲਈ ਕਿਸੇ ਸ਼ਬਦ ਦਾ ਰਟਨ, ਕੋਈ ਦਿਖਾਵਾ ਕਰਨ ਦੀ ਲੋੜ ਨਹੀਂ, ਬਸ ਉਸ ਪ੍ਰਮਾਤਮਾ ਦੀ ਰਜ਼ਾ 'ਚ ਰਹਿੰਦਿਆਂ ਗੁਰਬਾਣੀ ਤੋਂ ਸੋਝੀ ਪ੍ਰਾਪਤ ਕਰਕੇ ਉਸਤੇ ਅਮਲ ਕਰਨ ਦੀ ਲੋੜ ਹੈ।




ਤੱਤਾ I Tattaa

# ਤੁਲਨਾ ਤੋਂ ਸ਼ੁਕਰਾਨੇ ਤੱਕ

ਅੱਜਕਲ ਦੀ ਆਧੁਨਿਕ ਜ਼ਿੰਦਗੀ ਵਿਚ ਆਮਤੌਰ ਤੇ ਮਨੁੱਖ ਕਈ ਤਰ੍ਹਾਂ ਦੇ ਮਾਨਸਿਕ ਰੋਗਾਂ ਜਿਵੇਂ ਉਦਾਸੀਨਤਾ (Depression), ਚਿੰਤਾ ਤੇ ਕੱਲੇਪਨ ਦਾ ਸ਼ਿਕਾਰ ਹੋ ਰਿਹਾ ਹੈ। ਇਸ ਪਿੱਛੇ ਇਕ ਮੁੱਖ ਕਾਰਣ ਇਹ ਹੈ ਕਿ ਪਦਾਰਥਕ ਜੀਵਨ ਜੀਉਂਦਾ ਮਨੁੱਖ ਆਪਣੇ ਸਮਾਜ ਵਿਚ ਨਾਬਰਾਬਰੀ ਦੇ ਵਹਿਮ ਦਾ ਸ਼ਿਕਾਰ ਹੋਇਆ ਮਹਿਸੂਸ ਕਰਦਾ ਹੈ। ਭਾਵ ਉਹ ਵਸਤੂਆਂ ਜਾਂ ਦੁਨਿਆਵੀ ਸ਼ੋਹਰਤ ਨੂੰ ਮੁੱਖ ਰੱਖਦਿਆਂ ਹੋਇਆਂ ਖੁਦ ਦੀ ਦੂਜਿਆਂ ਨਾਲ ਤੁਲਨਾ ਕਰਦਾ ਹੈ ਤੇ ਆਪਣਾ ਮਿਆਰ ਘੱਟ ਹੋਣ ਤੇ ਮਾਨਸਿਕ ਪੱਧਰ ਤੇ ਰੋਗੀ ਬਣ ਜਾਂਦਾ ਹੈ। ਮਨੁੱਖ ਦਾ ਇਸ ਸਥਿਤੀ ਚੋਂ ਨਿਕਲਣ ਦਾ ਇਕੋ ਇਕ ਰਾਹ ਗੁਰਬਾਣੀ ਹੈ ਜੋ ਕਿ ਮਨੁੱਖ ਨੂੰ ਤੁਲਨਾ ਕਰਨ ਤੋਂ ਵਰਜਦੀ ਨਹੀਂ ਸਗੋਂ ਤੁਲਨਾ ਦਾ ਵੱਲ ਸਿਖਾਉਂਦੀ ਹੈ। ਗੁਰਬਾਣੀ ਮੁਤਾਬਿਕ ਤੁਲਨਾ ਹਮੇਸ਼ਾਂ ਆਪਣੇ ਤੋਂ ਗਰੀਬ ਤੇ ਅੰਗਹੀਨ ਨਾਲ ਕਰੋ ਤਾਂ ਜੋ ਸੋਝੀ ਆਵੇ ਕਿ ਦੁਨੀਆ ਤੇ ਉਹ ਵੀ ਜਿਊ ਰਹੇ ਹਨ ਜਿਹਨਾਂ ਨੂੰ ਦੋ ਵਕਤ ਭੋਜਨ ਵੀ ਨਸੀਬ ਨਹੀਂ ਹੁੰਦਾ ਤੇ ਸਾਨੂੰ ਤਾਂ ਰੱਬ ਨੇ ਹਰ ਪੱਖੋਂ ਸਮਰੱਥ ਬਣਾਇਆ ਹੈ। ਅਜਿਹੀ ਸੋਚ ਨਾਲ ਹੀ ਮਨੁੱਖ ਅੰਦਰ ਸ਼ੁਕਰਾਨੇ ਦਾ ਭਾਵ ਪੈਦਾ ਹੁੰਦਾ ਹੈ, ਜਿਸਦਾ ਸਿੱਖ ਮਤ ਵਿਚ ਬਹੁਤ ਮਹੱਤਵਪੂਰਨ ਸਥਾਨ ਹੈ। ਆਓ ਗੁਰੂ ਗ੍ਰੰਥ ਸਾਹਿਬ ਦੀ ਰਹਨੁਮਾਈ ਵਿਚ ਤੁਲਨਾ ਦੇ ਸੰਕਲਪ ਨੂੰ ਸਮਝਦਿਆਂ ਹੋਇਆਂ ਸ਼ੁਕਰਾਨੇ ਦੀ ਅਵਸਥਾ ਤੱਕ ਪੁਜੀਏ।

# ਥ

ਥੱਥਾ I Thaththaa

# ਥੋਥੇ ਕਰਮ ਕਾਂਡ

ਭਾਰਤ ਵਿਚ ਵੱਖ-ਵੱਖ ਮਤਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਜਿਸ ਕਰਕੇ ਭਾਰਤ ਨੂੰ ਬਹੁਧਰਮੀ, ਬਹੁਭਾਸ਼ਾਈ, ਅਤੇ ਬਹੁਮਤ ਦਾ ਦੇਸ਼ ਕਿਹਾ ਜਾਂਦਾ ਹੈ। ਭਾਰਤ ਵਿਚ ਹਰੇਕ ਮਤ ਦੇ ਪੁਜਾਰੀਆਂ ਦਾ ਬੋਲ-ਬਾਲਾ ਰਿਹਾ ਹੈ। ਪੁਜਾਰੀ ਇਹ ਗੱਲ ਮਨਾਉਣ ਵਿਚ ਕਾਮਯਾਬ ਰਿਹਾ ਹੈ ਕਿ ਤੁਹਾਡੀ ਸਫਲਤਾ ਸਾਡੀਆਂ ਅਰਦਾਸਾਂ ਜਾਂ ਸਾਡੇ ਵਲੋਂ ਕੀਤੇ ਕਰਮ-ਕਾਂਡਾ ਦੁਆਰਾ ਹੀ ਸੰਪੂਰਨ ਹੁੰਦੀਆਂ ਹਨ, ਨਹੀਂ ਤਾਂ ਤੁਹਾਡੇ 'ਤੇ ਬਹੁਤ ਵੱਡੀ ਸਾੜ੍ਹ ਸਤੀ ਵੀ ਆ ਸਕਦੀ ਹੈ। ਅਗਿਆਨਤਾ ਵੱਸ ਮਨੁੱਖ ਦੁਨਿਆਵੀ ਸੁੱਖਾਂ ਦੀ ਭਾਲ ਵਿਚ ਆਪਣੇ ਸਰੀਰ ਨੂੰ ਕਸ਼ਟ ਦੇ ਕੇ ਸਮਝ ਰਿਹਾ ਹੁੰਦਾ ਹੈ ਕਿ ਸ਼ਾਇਦ ਰੱਬ ਮੇਰੇ ਇੰਝ ਕਰਨ ਨਾਲ ਖੁਸ਼ ਹੋਵੇਗਾ। ਗੁਰੂ ਸਾਹਿਬ ਦਾ ਫੁਰਮਾਨ ਹੈ: **ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥** ਸੋ ਚਿੰਤਾ ਦੀ ਗੱਲ ਇਹ ਹੈ ਕਿ ਸਿੱਖ ਕੌਮ 'ਚ ਵੀ ਅਜੇਹੇ ਥੋਥੇ ਕਰਮ-ਕਾਂਡਾਂ ਨੇ ਜਨਮ ਲੈ ਲਿਆ ਹੈ ਜਿਸ ਨਾਲ ਮਾਨਸਕ ਵਿਕਾਸ ਹੋਣ ਦੀ ਥਾਂ 'ਤੇ ਧਾਰਮਿਕ ਨਿਘਾਰ ਆਉਂਦਾ ਜਾ ਰਿਹਾ ਹੈ। ਇਸ ਆਧੁਨਿਕ-ਵਿਗਿਆਨਕ ਯੁੱਗ ਚ ਸਾਨੂੰ ਸਮਝਣਾ ਪਵੇਗਾ ਕਿ ਸਰੀਰਾਂ ਨੂੰ ਕਸ਼ਟ ਦੇਣ ਨਾਲ ਆਤਮਕ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸਦੇ ਲਈ ਸਖਤ ਮਿਹਨਤ ਲਾਜ਼ਮੀ ਹੈ। ਸਬਰ-ਸੰਤੋਖ ਵਾਲਾ ਸਿੱਧਾ-ਸਾਦਾ ਜੀਵਨ ਸਾਨੂੰ ਬਾਣੀ ਰੂਪੀ ਗਿਆਨ ਵਿਚੋਂ ਹੀ ਮਿਲ ਸਕਦਾ ਹੈ ਤੇ ਗਿਆਨ ਦੁਆਰਾ ਹੀ ਧਾਰਮਿਕ-ਸਮਾਜਿਕ ਸੌਝੀ ਆ ਸਕਦੀ ਹੈ।

# ਦ

ਦੱਦਾ I Daddaa

# ਦੋਵੇਂ ਤੰਦਰੁਸਤ

ਅਸੀਂ ਆਮਤੌਰ ਤੇ ਆਪਣੇ ਸਾਰੇ ਪਰਿਵਾਰਕ ਮੈਂਬਰਾਂ ਦਾ ਜਨਮਦਿਨ ਮਨਾਉਂਦੇ ਹਾਂ। ਦੋਸਤਾਂ, ਮਿੱਤਰਾਂ ਤੇ ਸੰਬੰਧੀਆਂ ਨੂੰ ਇਕੱਠਾ ਕਰਕੇ ਖੁਸ਼ੀ ਸਾਂਝੀ ਕਰਦੇ ਹਾਂ, ਜੋ ਕਿ ਇਕ ਚੰਗੀ ਗੱਲ ਹੈ। ਪਰ ਅਜਿਹੀਆਂ ਖੁਸ਼ੀਆਂ-ਦਿਹਾੜੇ ਵੀ ਤਾਂ ਹੀ ਮਨਾਏ ਜਾ ਸਕਣਗੇ ਜੇਕਰ ਅਸੀਂ ਸ਼ਰੀਰਕ ਤੇ ਮਨ ਪੱਖੋਂ ਬਿਲਕੁਲ ਤੰਦਰੁਸਤ ਰਹਾਂਗੇ। ਅੱਜ ਜਿਵੇਂ ਸ਼ਰੀਰਕ ਤੰਦਰੁਸਤੀ ਲਈ ਰੋਜ਼ਾਨਾ ਕਸਰਤ, ਪੈਦਲ ਚਲਣਾ, ਚੰਗਾ ਖਾਣਾ ਜ਼ਰੂਰੀ ਹੈ, ਉਂਵੇ ਹੀ ਮਨ ਦੀ ਤੰਦਰੁਸਤੀ ਤੇ ਚੜ੍ਹਦੀਕਲਾ ਲਈ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨਾ, ਬਾਣੀ ਨੂੰ ਸਮਝਣਾ ਤੇ ਉਸਤੇ ਅਮਲ ਕਰਨਾ ਵੀ ਅਤਿ ਲਾਜ਼ਮੀ ਹੈ। ਆਓ ਅਸੀਂ ਸਾਰੇ ਮਿਲ ਕੇ ਇਕ ਪ੍ਰਣ ਕਰੀਏ ਕਿ ਸ਼ਰੀਰ ਅਤੇ ਮਨ ਦੋਹਾਂ ਨੂੰ ਅਧਿਆਤਮਕ ਸੇਧ ਦਿੰਦਿਆਂ ਤੰਦਰੁਸਤ ਰਖਾਂਗੇ।

# ਧ

ਧੱਦਾ I Dhaddaa

# ਧਾਰਮਿਕ ਸ਼ਤਾਬਦੀਆਂ

ਅਸੀਂ ਸਾਰੇ ਵਡਭਾਗੀ ਹਾਂ ਕਿ ਸਾਨੂੰ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਮਨਾਉਣ ਦਾ ਅਵਸਰ ਮਿਲਿਆ ਹੈ। ਇਹ ਸ਼ਤਾਬਦੀਆਂ ਮਨਾਉਂਦਿਆਂ ਹੋਇਆ ਸਿੱਖ ਸਮਾਜ 'ਚ ਗੁਰ ਇਤਿਹਾਸ ਤੇ ਬਾਣੀ ਪ੍ਰਤੀ ਡੂੰਘੀ ਚੇਤਨਾ ਪੈਦਾ ਹੁੰਦੀ ਹੈ। ਇਸਦੇ ਨਾਲ ਹੀ ਅਜਿਹੀਆਂ ਧਾਰਮਿਕ ਸ਼ਤਾਬਦੀਆਂ ਲੋਕਾਈ ਨੂੰ ਹਲੂਣਾ ਵੀ ਦਿੰਦੀਆਂ ਹਨ ਕਿ ਨਿਘਾਰ ਵੱਲ ਜਾ ਰਹੀ ਸਿੱਖ ਕੌਮ ਨੂੰ ਅਧਿਤਾਮਕ ਸੇਧ ਲੈਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਹੈ। ਕੌਮ ਨੇ 1966 ਤੋਂ ਹੁਣ ਤੱਕ ਬਹੁਤ ਸਾਰੀਆਂ ਸ਼ਤਾਬਦੀਆਂ ਮਨਾਈਆਂ ਹਨ ਅਤੇ ਸ਼ਤਾਬਦੀਆਂ ਮਨਾਉਣ ਦਾ ਮੂਲ ਮੰਤਵ ਗੁਰੂਆਂ ਦੇ ਸੰਦੇਸ਼ ਨੂੰ ਕੁੱਲ ਲੋਕਾਈ ਤੱਕ ਪੁੱਜਦਾ ਕਰਨਾ ਹੈ। ਅੱਜ ਦਾ ਯੁੱਗ ਵਿਚਾਰ ਦਾ ਯੁੱਗ ਹੈ, ਜਿਸ ਵਿਚ ਪੁਸਤਕਾਂ ਤੇ ਪਤ੍ਰਿਕਾਵਾਂ ਦਾ ਪ੍ਰਕਾਸ਼ਿਤ ਹੋਣਾ, ਯੂਨੀਵਰਸਿਟੀਆਂ 'ਚ ਚੇਅਰ ਸਥਾਪਿਤ ਕਰਨਾ ਜ਼ਿਆਦਾ ਲਾਹੇਵੰਦ ਕਾਰਜ ਹਨ। ਇਹਦੇ ਨਾਲ ਕੌਮ ਦਾ ਮਿਆਰ ਦੁਨੀਆ ਭਰ 'ਚ ਉੱਚਾ ਹੁੰਦਾ ਹੈ। ਅੱਜ ਲੋੜ ਹੈ ਸਾਰੀਆਂ ਸਿੱਖ ਸੰਸਥਾਵਾਂ ਤੇ ਹਰ ਇਕ ਸਿੱਖ ਨੂੰ ਮਿਲ ਕੇ ਵਿਚਾਰ ਤੇ ਉਪਰਾਲੇ ਕਰਨ ਦੀ ਤਾਂ ਜੋ ਭਵਿੱਖ 'ਚ ਆਉਣ ਵਾਲੀਆਂ ਸ਼ਤਾਬਦੀਆਂ ਨੂੰ ਸਹੀ ਅਰਥਾਂ 'ਚ ਮਨਾਇਆ ਜਾ ਸਕੇ ਅਤੇ ਅਜੋਕੀ ਪੀੜ੍ਹੀ ਨੂੰ ਗੁਰੂ ਤੇ ਸਿੱਖੀ ਨਾਲ ਜੋੜਿਆ ਜਾ ਸਕੇ।



ਨੱਨਾ I Nannaa

# ਨਿੱਕੀਆਂ ਜਿੰਦਾਂ ਵੱਡੇ ਸਾਕੇ

ਸਿੱਖ ਇਤਿਹਾਸ ਅਥਾਹ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਗੁਰੂਆਂ ਤੇ ਉਹਨਾਂ ਦੇ ਸਿੱਖਾਂ ਨੇ ਮਨੁੱਖਤਾ ਲਈ ਪੈਰ-ਪੈਰ ਤੇ ਸ਼ਹਾਦਤਾਂ ਦਿੱਤੀਆਂ ਹਨ। ਸ਼ਹਾਦਤਾਂ ਦੇ ਇਤਿਹਾਸ 'ਚ 20 ਤੋਂ 26 ਦਸੰਬਰ (੬ ਤੋਂ ੧੩ ਪੋਹ) ਉਹ ਦਿਨ ਹਨ ਜਦੋਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਤਿੰਨ ਪਿਆਰੇ ਤੇ ਹੋਰ ਅਨੇਕਾਂ ਸਿੰਘਾਂ ਦੀਆਂ ਸ਼ਹਾਦਤਾਂ ਹੋਈਆਂ। ਸਿੱਖ ਭਾਈਚਾਰੇ 'ਚ ਇਹ ਦਿਨ 'ਸ਼ਹੀਦੀ ਹਫਤੇ' ਵਜੋਂ ਜਾਣੇ ਜਾਂਦੇ ਹਨ। ਇਹ ਸ਼ਹੀਦੀ ਹਫਤਾ ਕੁਲ ਲੋਕਾਈ ਨੂੰ ਹਲੂਣਾ ਦਿੰਦਾ ਹੈ ਕਿ ਸਾਨੂੰ ਗੁਰੂ ਦੇ ਇੰਨੇ ਦ੍ਰਿੜ੍ਹ ਤੇ ਸਿਦਕੀ ਸਿੰਘਾਂ ਤੋਂ ਅਜੋਕੇ ਸਮੇਂ 'ਚ ਸੇਧ ਲੈਣ ਦੀ ਲੋੜ ਹੈ ਅਤੇ ਗੁਰੂ ਤੇ ਭਰੋਸਾ ਕਰਦਿਆਂ ਅਕਾਲ ਪੁਰਖ ਅੱਗੇ ਸਿਰ ਨਿਵਾ ਕੇ ਮਨ ਨੂੰ ਉਸ ਵਿੱਚ ਜੋੜੀਏ, ਤਾਂ ਜੋ ਕਣ-ਕਣ 'ਚ ਅਕਾਲ ਪੁਰਖ ਹਾਜ਼ਰ ਨਜ਼ਰ ਆਉਣ— **ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ॥** ਪਰ ਅਜੋਕਾ ਸਮਾਂ ਵਿਚਾਰ, ਤਰਕ ਤੇ ਵਿਵੇਕ ਰਾਹੀਂ ਨਿਰਦੇਸ਼ਿਤ ਹੈ। ਇਸ ਵਿਚ ਗੁਰਬਾਣੀ ਦੀ ਗਿਆਨ ਖੜਗ ਰਾਹੀਂ ਸਾਨੂੰ ਦ੍ਰਿੜ੍ਹਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਮਨੁੱਖੀ ਵਿਕਾਸ ਦੇ ਅਸੂਲਾਂ ਨੂੰ ਸਰਬ ਮਨੁੱਖਤਾ ਤਕ ਪਹੁੰਚਾਉਣਾ ਹੈ। ਇਹੋ ਸਾਡੀ ਸ਼ਹੀਦ ਹੋਏ ਸਾਹਿਬਜ਼ਾਦਿਆਂ ਤੇ ਸਿੰਘਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਪ

ਪੱਪਾ I Pappaa

# ਪੁਰਖ ਸਮਰੱਥ

ਮਨੁੱਖ ਅਕਾਲ ਪੁਰਖ ਦੀ ਸਿਰਜੀ ਸਭ ਤੋਂ ਬੁਧੀਮਾਨ ਅਤੇ ਸ਼ਕਤੀਸ਼ਾਲੀ ਕਿਰਤ ਹੈ। ਸਮੁੱਚੀ ਧਰਤੀ ਤੇ ਮਨੁੱਖ ਦਾ ਕੋਈ ਸਾਨੀ ਨਜ਼ਰੀ ਨਹੀਂ ਪੈਂਦਾ। ਸਮਰੱਥ ਹੋਣ ਦਾ ਜੋ ਸਿਖ਼ਰ ਮਨੁੱਖ ਨੂੰ ਪ੍ਰਾਪਤ ਹੈ ਉਹ ਹੋਰ ਕਿਸੇ ਜੀਵ-ਜੰਤੂ ਲਈ ਮੁਮਕਿਨ ਨਹੀਂ। ਸੋ ਪ੍ਰਮਾਤਮਾ ਨੇ ਜਿਹਨਾਂ ਨੂੰ ਵੀ ਜੀਵ-ਜੰਤੂ ਦੇ ਗੇੜ੍ਹ ’ਚੋਂ ਕੱਢ ਕੇ ਮਨੁੱਖੀ ਜਾਮਾ ਬਖਸ਼ਿਆ ਹੈ ਉਹਨਾਂ ਦਾ ਆਪਣੇ ਆਪ ਨੂੰ ਕਿਸੇ ਵੀ ਪਖੋਂ ਅਸਮਰਥ ਸਮਝਣਾ ਜਾਇਜ਼ ਨਹੀਂ ਹੈ। ਪਰ ਅੱਜ ਸਾਨੂੰ ਲੋੜ ਹੈ ਕਿ ਅਸੀਂ ਮਨੁੱਖ ਹੁੰਦੇ ਹੋਏ ਆਪਣਾ ਮੂਲ, ਆਪਣਾ ਕਰਮ ਤੇ ਆਪਣੇ ਨਿਰਮਾਤਾ ਨੂੰ ਪਛਾਣੀਏ। ਗੁਰੂ ਸਾਹਿਬ ਦਾ ਹੁਕਮ ਹੈ: **ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥** ਜੇਕਰ ਅਸੀਂ ਗੁਰੂ ਸਾਹਿਬ ਦੇ ਹੁਕਮ ਨੂੰ ਪੜ੍ਹ ਕੇ ਇਹ ਸਮਝ ਲਈਏ ਕਿ ਮਨੁੱਖਾ ਦੇਹੀ ਪਾਉਣ ਉਪਰੰਤ ਅਸੀਂ ਕਾਰਜ ਵੀ ਮਨੁੱਖਾਂ ਵਾਲੇ ਕਰਨੇ ਹਨ, ਜੀਵ-ਜੰਤੂਆਂ ਵਾਲੇ ਨਹੀਂ ਤਾਂ ਕੁੱਲ ਮਨੁੱਖਤਾਈ ਦਾ ਉਦਾਰ ਹੋਣ ’ਚ ਬਹੁਤਾ ਸਮਾਂ ਨਹੀਂ ਲੱਗਣਾ। ਅਸੀਂ ਇਸ ਧਰਤੀ ਨੂੰ ਸਵਰਗ ਤਾਂਹੀ ਬਣਾ ਸਕਦੇ ਹਾਂ ਜਦੋਂ ਮੂਲ ਨਾਲ ਜੁੜ ਕੇ ਸਰਬਤ ਦੇ ਭਲੇ ਦੇ ਕਾਰਜ ਵਿਚ ਰੁਝੇ ਰਹਾਂਗੇ।

# ਫ

ਫੱਫਾ I Phaphphaa

# ਫੱਸਣਾ ਬੇਮੁਖ ਹੋਣਾ ਹੈ

ਅੱਜ ਅਸੀਂ ਸਾਰੇ ਸਾਰੇ 21ਵੀਂ ਸਦੀ ਵਿਚ ਜੀਓ ਰਹੇ ਹਾਂ। ਇਹ ਆਧੁਨਿਕ ਯੁੱਗ ਤਰਕ, ਵਿਚਾਰ-ਵਿਗਿਆਨ ਤੇ ਦਲੀਲ ਭਰਪੂਰ ਹੈ। ਇਸ ਯੁੱਗ ਵਿਚ ਇਕੋ-ਇਕ ਅਜਿਹਾ ਧਰਮ— ਸਿੱਖ ਧਰਮ ਹੈ ਜਿਹੜਾ ਇਨ੍ਹਾਂ ਸੰਕਲਪਾਂ ਨੂੰ ਪੂਰਾ ਕਰਦਾ ਹੈ ਕਿਉਂਕਿ ਸਿੱਖ ਧਰਮ ਦਾ ਅਧਾਰ ਹੀ ਤਰਕ ਤੇ ਦਲੀਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਦੇ ਹਰ ਪੱਖ ਨੂੰ ਬਹੁਤ ਤਰਕ ਭਰਪੂਰ ਤੇ ਦਲੀਲਮਈ ਢੰਗ ਨਾਲ ਵਿਚਾਰਿਆ ਤੇ ਸਮਝਾਇਆ ਗਿਆ ਹੈ। ਪਰ ਚਿੰਤਾ ਦੀ ਗੱਲ ਇਹ ਹੈ ਕਿ ਸਿੱਖ ਧਰਮ ਵਿਚ ਕੁਝ ਪਾਖੰਡੀਆਂ, ਬਾਬਿਆਂ ਨੇ ਸਿੱਖਾਂ ਨੂੰ ਧਰਮ ਤੋਂ ਦੂਰ ਕਰਨ ਦਾ ਇਕ ਨਵਾਂ ਰਾਹ ਤਿਆਰ ਕਰ ਲਿਆ ਹੈ, ਜੋ ਕਿ ਕਰਾਮਾਤਾਂ, ਕਰਮਕਾਂਡਾ, ਅੰਧਵਿਸ਼ਵਾਸਾਂ ਤੇ ਦੇਹਧਾਰੀ ਗੁਰੂਆਂ ਨਾਲ ਭਰਿਆ ਹੈ। ਇਸ ਰਾਹ ਤੇ ਜਾਕੇ ਕਰਮਕਾਂਡਾ ਵਿਚ ਫਸਣਾ ਗੁਰੂ ਤੋਂ ਬੇਮੁਖ ਹੋਣ ਦੇ ਬਰਾਬਰ ਹੈ, ਕਿਉਂਕਿ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਇਹਨਾਂ ਕਰਮਕਾਂਡਾ ਤੇ ਅੰਧਵਿਸ਼ਵਾਸਾਂ ਚੋਂ ਬਾਹਰ ਕਢਣ ਲਈ ਉਦਾਸੀਆਂ (ਪ੍ਰਚਾਰਕ ਦੌਰੇ) ਕੀਤੀਆਂ, ਸ਼ਹਾਦਤਾਂ ਦਿੱਤੀਆਂ ਪਰ ਅਸੀਂ ਇਹ ਸਭ ਨਜ਼ਰੰਦਾਜ਼ ਕਰਦਿਆਂ ਹੋਇਆਂ ਕੁਰਾਹੇ ਪੈ ਗਏ ਹਾਂ। ਆਓ ਭੁੱਲਾਂ ਬਖਸ਼ਾ ਕੇ ਮੁੜ ਰਾਹੇ ਪਈਏ ਤੇ ਗੁਰੂ ਤੋਂ ਬਖਸ਼ਿਸ਼ਾਂ ਪ੍ਰਾਪਤ ਕਰੀਏ।

# ਬ

ਬੱਬਾ I Babbaa

# ਬਿਬੇਕੀ ਸਿੱਖ

ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਕਦੇ ਵੀ ਗਰੀਬੀ ਕਾਰਣ ਸਿੱਖੀ ਨਹੀਂ ਛੱਡੀ। ਨਾਂ ਹੀ ਜੁਲਮ ਤੋਂ ਡਰ ਕੇ ਸਿੱਖੀ ਤਿਆਗੀ। ਉਸਦੀ ਵਜਾ ਇਹ ਹੀ ਸੀ ਕਿ ਉਹ ਬਿਬੇਕੀ ਸਿੱਖ ਗੁਰੂ ਨਾਲ ਜੁੜੇ ਹੋਏ ਸਨ। ਸਿੱਖ ਦਾ ਗੁਰੂ ਵੀ ਬਿਬੇਕ ਹੈ ਅਤੇ ਉਸਦੀ ਬਿਰਤੀ ਵੀ ਬਿਬੇਕੀ ਹੋਣੀ ਚਾਹੀਦੀ ਹੈ ਨਹੀਂ ਤਾਂ ਉਹ ਸਿੱਖ ਹੀ ਨਹੀ ਬਣ ਸਕਦਾ। ਪਰ ਕੌਮ ਲਈ ਚਿੰਤਾ ਦੀ ਗੱਲ ਇਹ ਹੈ ਕਿ ਅਜੋਕੇ ਸਿੱਖ ਸਿੱਖੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਲੱਭਦੇ ਫਿਰਦੇ ਨੇ। ਬਾਹਰ ਉਹਨਾਂ ਨੂੰ ਪਹਿਲਾ ਸਬਕ ਹੀ 'ਬਿਬੇਕ' ਅਤੇ 'ਤਰਕ' ਤਿਆਗ ਕੇ ਅੰਧਵਿਸ਼ਵਾਸਾਂ ਦਾ ਪੱਲਾ ਫੜਨ ਵਾਲਾ ਦਿੱਤਾ ਜਾਂਦਾ ਹੈ। ਜਦ ਕਿ ਗੁਰੂ ਸਾਹਿਬ ਦਾ ਫੁਰਮਾਨ ਹੈ ਕਿ **ਬੂਝੈ ਦੇਖੈ ਕਰੈ ਬਿਬੇਕ॥** ਬਸ ਇਹੀ ਕਰਨਾ ਸਿੱਖ ਨੇ ਛੱਡ ਦਿੱਤਾ ਹੈ। ਜਦੋਂ ਗੁਰੂ ਤੋਂ ਦੂਰ ਹੋਵਾਂਗੇ ਤਾਂ ਸ਼ਿਕਾਰੀਆਂ ਦੇ ਵੱਸ ਪੈ ਕੇ ਕੁਰਾਹੇ ਪੈ ਜਾਵਾਂਗੇ। ਸਾਨੂੰ ਕੁਦਰਤ ਦਾ ਇੱਕ ਅਸੂਲ ਯਾਦ ਰੱਖਣਾ ਚਾਹੀਦਾ ਹੈ ਕਿ ਅਗਰ ਸਰੀਰ ਦੀ ਇਮੂਯਨਟੀ ਪੂਰੀ ਕਾਇਮ ਹੈ ਤਾਂ ਕਿਸੇ ਵੀ ਬੀਮਾਰੀ ਦੇ ਜੀਵਾਣੂ ਸਾਡਾ ਕੁਝ ਨਹੀਂ ਬਿਗਾੜ ਸਕਦੇ। ਇਸ ਤਰ੍ਹਾਂ ਅਗਰ ਸਿੱਖ ਨੂੰ ਬਾਣੀ ਦੀ ਪੂਰੀ ਸੋਝੀ ਹੈ ਤਾਂ ਕੋਈ ਲਾਲਚ ਤਾਂ ਇੱਕ ਪਾਸੇ ਉਹ ਤਾਂ ਬੰਦ ਬੰਦ ਕਟਵਾ ਕੇ ਵੀ ਸਿੱਖੀ ਸਿਦਕ ਨਿਭਾਉਂਦਾ ਹੈ। ਹਜੇ ਵੀ ਸਮਾਂ ਹੈ ਆਓ ਗੁਰੂ ਨਾਲ ਜੁੜੀਏ ਤੇ ਦੁਨਿਆਵੀ ਭਟਕਣ ਤੋਂ ਨਿਜਾਤ ਪਾਈਏ।

# ਭ

ਭੱਬਾ I Bhabbaa

# ਭਰਪੂਰ ਸੋਝੀ

ਸਾਡੇ ਦਰਸ਼ਕਾਂ ਵਲੋਂ ਅਕਸਰ ਇਕ ਮਹੱਤਵਪੂਰਨ ਸਵਾਲ ਪੁੱਛਿਆ ਜਾਂਦਾ ਹੈ ਕਿ ਉਹਨਾਂ ਦੇ ਨਗਰ ’ਚ ਸਥਾਪਤ ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਪ੍ਰਚਾਰਕਾਂ ਵਲੋਂ ਸਿੱਖ ਇਤਿਹਾਸ ਦੀ ਕਿਸੇ ਇਕੋ ਘਟਨਾ ਬਾਬਤ ਕਈ ਤਰ੍ਹਾਂ ਦੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਹਨ, ਜਿਸ ਨਾਲ ਸਿੱਖ ਇਤਿਹਾਸ ਨੂੰ ਸਮਝਣ ’ਚ ਮੁਸ਼ਕਲ ਆਉਂਦੀ ਹੈ, ਇਸ ਬਾਰੇ ਕੀ ਕੀਤਾ ਜਾ ਸਕਦਾ ਹੈ? ਇਸ ਸੰਦਰਭ ’ਚ ਅਸੀਂ ਆਪਣੇ ਦਰਸ਼ਕਾਂ ਨੂੰ ਇਕ ਹੀ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਗੁਰਬਾਣੀ ਦੇ ਚਾਨਣ ਵਿਚ ਸਾਨੂੰ ਆਪਣਾ ਇਤਿਹਾਸ ਵਾਚਣ ਤੇ ਸਮਝਣ ਦੀ ਲੋੜ ਹੈ। ਵੱਖ-ਵੱਖ ਵਿਚਾਰਾਂ ’ਚੋਂ ਲੰਘ ਕੇ ਹੀ ਤੁਸੀਂ ਸਹੀ ਫੈਸਲਾ ਲੈਣ ਦੇ ਕਾਬਿਲ ਬਣਦੇ ਹੋ। ਗੁਰਬਾਣੀ ਸਾਨੂੰ ਜਿਹੜੀ ਦ੍ਰਿਸ਼ਟੀ, ਤਰਕ ਅਤੇ ਵਿਗਿਆਨ ਭਰਪੂਰ ਸੋਝੀ ਦਿੰਦੀ ਹੈ ਉਹਦੇ ਮੁਤਾਬਿਕ ਇਤਿਹਾਸ ਨੂੰ ਵੇਖੀਏ ਕਿਉਂਕਿ ਇਤਿਹਾਸ ਵਿਚ ਬਹੁਤ ਐਸੀਆਂ ਗੱਲਾਂ ਲਿੱਖ ਦਿੱਤੀਆਂ ਗਈਆਂ ਹਨ ਜੋ ਕਿ ਗੁਰਬਾਣੀ ਦੇ ਅਨੁਕੂਲ ਨਹੀਂ ਜਾਪਦੀਆਂ। ਵਰ-ਸਰਾਪ, ਕਰਾਮਾਤਾਂ, ਵਹਿਮ-ਭਰਮ ਜਿਹੀਆਂ ਮਨਘੜਤ ਕਹਾਣੀਆਂ ਸਾਨੂੰ ਮੂਲੋ ਰਦ ਕਰ ਦੇਣੀਆਂ ਹੀ ਪੰਥ ਦਾ ਭਲਾ ਹੈ। ਇਸਦੇ ਨਾਲ ਹੀ ਪ੍ਰਚਾਰਕਾਂ ਨੂੰ ਇਕ ਹੋਰ ਬੇਨਤੀ ਹੈ ਕਿ ਸੁਣੀ-ਸੁਣਾਈ ਗੱਲ ਨੂੰ ਗੁਰੂ ਸਾਹਿਬਾਨ ਨਾਲ ਜੋੜਨ ਤੋਂ ਪਹਿਲਾਂ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ’ਚ ਜ਼ਰੂਰ ਪਰਖ ਲਈਏ।

# ਮ

ਮੱਮਾ I Mammaa

# ਮੁਕਤੀ ਅੰਧਵਿਸ਼ਵਾਸਾਂ ਤੋਂ

ਗੁਰੂ ਨਾਨਕ ਸਾਹਿਬ ਦਾ ਮਨੁੱਖ ਨੂੰ ਸਮਝਾਉਣ ਦਾ ਇਕ ਨਿਵੇਕਲਾ ਤੇ ਵਿਲੱਖਣ ਢੰਗ ਹੈ। ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ, ਜਾਤਾਂ ਦੇ ਗਿਆਨੀ ਪੁਰਖਾਂ ਨੂੰ ਮਿਲਦੇ, ਉਹਨਾਂ ਨਾਲ ਵਿਚਾਰ-ਵਟਾਂਦਰਾ ਕਰਦੇ ਜੇਕਰ ਗੁਰੂ ਸਾਹਿਬ ਇਕ ਪਾਸੇ ਇਕ ਵਿਸ਼ੇਸ਼ ਧਰਮ ਨਾਲ ਸੰਬੰਧਤ ਜਨੇਊ ਪਾਉਣ ਤੋਂ ਇਨਕਾਰ ਕਰਦੇ ਹਨ ਤਾਂ ਦੂਜੇ ਪਾਸੇ ਜਿਹੜਾ ਜਨੇਊ ਉਹ ਪਾਉਣਾ ਲੋਚਦੇ ਹਨ, ਉਸ ਬਾਬਤ ਵੀ ਜ਼ਿਕਰ ਕਰਦੇ ਹਨ: **ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥** ਇਸ ਤਰ੍ਹਾਂ ਹੀ ਹਰਿਦਵਾਰ ਵਿਖੇ ਲੋਕਾਂ ਦੇ ਪਿੱਤਰ ਲੋਕ ਪਾਣੀ ਪੰਹੁਚਾਉਣ ਦੇ ਅੰਧ-ਵਿਸ਼ਵਾਸ ਨੂੰ ਖੰਡਤ ਕਰਦਿਆਂ ਗੁਰੂ ਸਾਹਿਬ ਵਿਪਰੀਤ ਦਿਸ਼ਾ ’ਚ ਪਾਣੀ ਸੁੱਟਦੇ ਹਨ ਤਾਂ ਜੋ ਲੋਕਾਈ ਨੂੰ ਸਮਝਾਇਆ ਜਾ ਸਕੇ ਕਿ ਜੇਕਰ ਗੁਰੂ ਸਾਹਿਬ ਦਾ ਸੁੱਟਿਆ ਪਾਣੀ ਉਹਨਾਂ ਦੇ ਖੇਤਾਂ ਤੱਕ ਨੀ ਪੁੱਜ ਸਕਦਾ ਤਾਂ ਤੁਹਾਡਾ ਸਾਰਿਆਂ ਦਾ ਸੁੱਟਿਆ ਪਾਣੀ ਪਿੱਤਰ ਲੋਕ ਕਿਕੁਣ ਪੁੱਜ ਸਕਦਾ ਹੈ। ਅਜਿਹੇ ਅਨੇਕਾਂ ਅੰਧ-ਵਿਸ਼ਵਾਸ਼ਾਂ ਤੋਂ ਵਰਜਦਿਆਂ ਗੁਰੂ ਸਾਹਿਬ ਨੇ ਲੋਕਾਈ ਨੂੰ ਸਮਝਾਇਆ ਕਿ ਹੋਰਨਾਂ ਦਾ ਕੀਤਾ ਪਾਠ, ਦਾਨ-ਪੁੰਨ ਮਰ ਚੁੱਕੇ ਪ੍ਰਾਣੀ ਦਾ ਕੁਝ ਨਹੀਂ ਸੰਵਾਰ ਸਕਦਾ, ਇਸ ਜੀਵਨ ਵਿਚ ਕੀਤੇ ਭਲੇ ਕੰਮ ਹੀ ਮਨੁੱਖ ਦਾ ਅੱਗਾ ਸਵਾਰਨ ਯੋਗ ਹਨ। ਸੋਚੀਏ ਕਿ ਐਸੇ ਗੁਰੁ ਦੇ ਸਿੱਖ ਕਿੱਧਰੇ ਪੁਜਾਰੀ ਜਮਾਤ ਵਲੋਂ ਅੰਧਵਿਸ਼ਵਾਸਾਂ ਦੀ ਉਸ ਡੂੰਘੀ ਖਾਈ ਵਿਚ ਤਾਂ ਨਹੀਂ ਧਕੇਲੇ ਜਾ ਰਹੇ। ਸੁਚੇਤ ਹੋਣ ਦੀ ਬੜੀ ਲੋੜ ਹੈ ਤੇ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਕੇ ਜੀਵਨ ਨੂੰ ਸਫਲ ਕਰੀਏ।



ਯੱਯਾ I Yayyaa

# ਯੂ. ਐਨ. ੳ

ਗੁਰੂ ਤੇਗ ਬਹਾਦਰ ਨੇ ਆਪਣੇ ਸਮੇਂ ਵਿਚ ਗੁਰੂ ਨਾਨਕ ਸਾਹਿਬ ਤੋਂ ਬਾਅਦ ਸਾਰੇ ਦੇਸ਼ ਦਾ ਭ੍ਰਮਣ ਕਰਕੇ ਪਹਿਲੇ ਗੁਰੂ ਸਾਹਿਬਾਨ ਵਲੋਂ ਕਾਇਮ ਕੀਤੀਆਂ ਸੰਗਤਾਂ ਨੂੰ ਫਿਰ ਸੁਰਜੀਤ ਕੀਤਾ ਤੇ ਭਾਰਤ ਦੀ ਲੋਕਾਈ ਨੂੰ ਗੁਲਾਮੀ ਤੇ ਨਮੋਸ਼ੀ ਦੀ ਜ਼ਿੰਦਗੀ ਤੋਂ ਕੱਢਣ ਲਈ ਨਿਰਭੈਅ ਹੋਣ ਦਾ ਸੰਦੇਸ਼ ਦਿੱਤਾ। ਉਸ ਸਮੇਂ ਦੀ ਰਾਜਨੀਤੀ ਵਲੋਂ ਧਰਮ-ਪਰਿਵਰਤਨ ਦਾ ਜਿਹੜਾ ਕਹਿਰ ਚੱਲ ਰਿਹਾ ਸੀ, ਉਸ ਦੇ ਸਾਹਮਣੇ ਹਿਕ ਡਾਹ ਕੇ ਖੜ੍ਹੇ ਹੋਣ ਲਈ ਲੋਕਾਈ ਵਿਚ ਹਿੰਮਤ ਭਰੀ ਤੇ ਫਿਰ ਆਪਣਾ ਸੀਸ ਦੇ ਕੇ ਮੁਗਲ ਹਕੂਮਤ ਦੀ ਹਨੇਰੀ ਨੂੰ ਰੋਕਣ ਵਿਚ ਕਾਮਯਾਬ ਹੋਏ। ਇਥੇ ਇਹ ਗੱਲ ਵਿਚਾਰਨ ਵਾਲੀ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਮਨੁੱਖੀ ਹੱਕਾਂ ਲਈ ਦਿੱਤੀ ਸ਼ਹੀਦੀ ਨੂੰ ਯੂ.ਐਨ.ੳ (UNO) ਵਲੋਂ ਮਨੁੱਖੀ ਅਧਿਕਾਰਾਂ ਦੀ ਰਾਖੀ ਵਾਸਤੇ ਆਪਣੇ ਚਾਰਟਰ ਵਿਚ ਸ਼ਾਮਲ ਕਰਨਾ ਲਗਭਗ 273 ਵਰ੍ਹੇ ਬਾਅਦ (1948) ਦਾ ਵਰਤਾਰਾ ਹੈ, ਨਾਲ ਹੀ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਧੂਬਰੀ (ਆਸਾਮ) ਵਿਖੇ ਦੋ ਰਾਜਿਆਂ ਵਿਚ ਸੁਲਾਹ ਕਰਾਕੇ ਜੰਗ ਰੋਕਣਾ ਤੇ ਮਨੁੱਖਾਂ ਦਾ ਲਹੂ ਨਾ ਡੁੱਲ੍ਹਣ ਦੇਣਾ ਵੀ ਮਨੁੱਖੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਕੀਤਾ ਕਾਰਜ ਹੈ। 1914 ਵਿਚ ਪਹਿਲੀ ਜੰਗ ਦੌਰਾਨ ਕੇਵਲ 5 ਦਿਨਾਂ ਲਈ ਜੰਗ ਰੁਕੀ ਤੇ ਐਮਨੈਸਟੀ ਇੰਟਰਨੈਸ਼ਨਲ (Amnesty International) ਦਾ ਕਾਇਮ ਹੋਣਾ ਕਾਫ਼ੀ ਬਾਅਦ ਦੇ ਕਾਰਜ ਹਨ। ਸਾਨੂੰ ਲੋੜ ਹੈ ਗੁਰੂ ਸਾਹਿਬ ਦਾ ਸ਼ਹੀਦੀ ਗੁਰਪੁਰਬ ਮਨਾਉਂਦੇ ਕੁੱਲ ਮਨੁੱਖਤਾ ਨੂੰ ਇਨ੍ਹਾਂ ਇਤਿਹਾਸਕ ਸੱਚਾਈਆਂ ਤੋਂ ਜਾਣੂੰ ਕਰਾਈਏ।

# ਰ

ਰਾਰਾ I Raaraa

# ਰਵਾਇਤਾਂ ਦਾ ਪਾਲਨ

ਸਿੱਖ ਧਰਮ ਸੰਸਾਰ ਭਰ ਵਿਚ ਇੱਕੋ ਇੱਕ ਐਸਾ ਵੱਡਾ ਧਰਮ ਹੈ ਜਿਸਦੇ ਸਾਰੇ ਸਿਧਾਂਤ 'ਯੂਨੀਵਰਸਲ ਡਿਕਲੈਰੇਸ਼ਨ ਆਫ਼ ਹਿਊਮਨ ਰਾਈਟਸ' ਦੇ 30 ਆਰਟੀਕਲਸ ਨਾਲ ਮੇਲ ਖਾਂਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਧਰਮਸਾਲ ਕਾਇਮ ਕਰਕੇ ਆਪਣਾ ਉਤਰਾਧਿਕਾਰੀ ਭਾਈ ਲਹਿਣਾ ਨੂੰ ਗੁਣਾਂ ਦੇ ਆਧਾਰ ਤੇ ਚੁਣ ਕੇ ਮਨੁੱਖੀ ਇਤਿਹਾਸ ਵਿਚ ਪਹਿਲੀ ਵਾਰ ਇਕ ਐਸੀ ਲੀਹ ਪਾਈ ਜਿਸ ਵਿਚ ਅੱਗੇ ਚਲ ਕੇ ਲੰਗਰ ਪ੍ਰਬੰਧ, ਪੰਜ ਪਿਆਰਾ ਨਿਜ਼ਾਮ ਤੇ ਹੋਰ ਅਨੇਕਾਂ ਹੀ ਲੋਕਤਾਂਤਰਿਕ ਪਰਿਪਾਟੀਆਂ ਜੁੜਦੀਆਂ ਚਲੀਆਂ ਗਈਆਂ। ਮਨੁੱਖੀ ਸੰਪੂਰਨਤਾ ਦਾ ਸਫ਼ਰ ਜੋ ਗੁਰੂ ਨਾਨਕ ਸਾਹਿਬ ਤੋਂ ਆਰੰਭ ਹੋਇਆ, ਖਾਲਸੇ ਦੀ ਸਾਜਨਾ ਨੂੰ ਮਨਾਉਂਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਸਦੀਵੀ ਸੰਵਿਧਾਨ ਰੂਪ ਵਿਚ ਕੁਲ ਮਨੁੱਖਤਾ ਦੀ ਅਗਵਾਈ ਲਈ ਸਥਾਪਿਤ ਕਰ ਦੇਣਾ ਸੰਸਾਰ ਲਈ ਇਹ ਬਹੁਤ ਵੱਡੀ ਪਹਿਲ ਅਤੇ ਸੇਧ ਸੀ। ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਵੀ ਇਨ੍ਹਾਂ ਹੀ ਲੋਕਤਾਂਤਰਿਕ ਕਦਰਾਂ ਕੀਮਤਾਂ ਦੀਆਂ ਨੀਹਾਂ ਤੇ ਉਸਰਿਆ। ਅਜ ਜਦਕਿ ਦੁਨੀਆ ਭਰ ਦੇ 170 ਦੇਸ਼ ਗਣਤੰਤਰ ਨੂੰ ਅਪਨਾ ਰਹੇ ਹਨ, ਤਾਂ ਲੋੜ ਹੈ ਅਸੀਂ ਭਗਤਾਂ-ਮਹਾਂਪੁਰਸ਼ਾਂ-ਗੁਰੂ ਸਾਹਿਬਾਂ ਦੇ ਕੁਦਰਤੀ ਵਿਧਾਨ ਨੂੰ ਲਖਦੇ ਸ਼ਬਦ ਸੰਗ੍ਰਹਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਤੋਂ ਪ੍ਰੇਰਨਾ ਲਈਏ ਤਾਂ ਜੋ ਦੁਨੀਆ ਭਰ ਵਿਚ ਗਣਤੰਤਰ ਆਪਣੀਆਂ ਠੀਕ ਲੀਹਾਂ ਤੇ ਗਤੀਮਾਨ ਹੋਵੇ ਅਤੇ ਕੁਲ ਲੋਕਤਾਂਤਰਿਕ ਰਵਾਇਤਾਂ ਦਾ ਪਾਲਨ ਕਰਦਾ ਸਮੁਚਿਤ ਤੇ ਸੰਗਠਿਤ ਵਿਕਾਸ ਕਰੇ ਤੇ ਨਾਲ ਵਿਗਾਸ ਵੀ।



ਲੱਲਾ | Lallaa

# ਲੋੜ ਹੈ ਬਚਣ ਦੀ

ਜੀਵਨ (Life) ਸ਼ਬਦ ਨੂੰ ਡੂੰਘਾਈ ਨਾਲ ਵਾਚੀਏ ਤਾਂ ਇਸਦਾ ਅਰਥ ਬਣਦਾ ਹੈ Live It Fully Everyday. ਇਸ ਬਾਬਤ ਗੁਰੂ ਸਾਹਿਬਾਨ ਦਾ ਸੰਦੇਸ਼ ਹੈ: **ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥** ਭਾਵ ਸਾਨੂੰ ਸਤਿਗੁਰੂ ਤੋਂ ਜੀਊਣ ਦੀ ਜੁਗਤ ਮਿਲ ਜਾਣ ਨਾਲ ਸੰਸਾਰ ਵਿਚ ਰਹਿੰਦਿਆਂ ਮੁਕਤ ਹੋਣ ਦਾ ਮਾਰਗ ਮਿਲਿਆ ਹੈ। ਇਸ ਮਾਰਗ ਵਿਚ ਮਨੁੱਖ ਦੇ ਹੱਸਣ, ਖੇਡਣ ਤੇ ਖਾਣ ’ਤੇ ਕੋਈ ਪਾਬੰਦੀ ਨਹੀਂ ਹੈ। ਹੱਸਦਿਆਂ, ਖੇਡਦਿਆਂ, ਪਹਿਨਦਿਆਂ ਅਤੇ ਖਾਂਦਿਆਂ ਵੀ ਅਸੀਂ ਮੁਕਤ ਹਾਂ ਅਰਥਾਤ ਇਨ੍ਹਾਂ ਨੂੰ ਸਰੀਰਿਕ ਲੋੜਾਂ ਦੀ ਸਹਿਜ ਪੂਰਤੀ ਵਜੋਂ ਗੁਰੂ-ਹੁਕਮ ਅਨੁਸਾਰ ਅਪਣਾਉਣਾ ਹੈ ਤੇ ਇਨ੍ਹਾਂ ਨੂੰ ਵਿਸ਼ੇ-ਵਿਕਾਰਾਂ ਦਾ ਰੂਪ ਨਹੀਂ ਬਣਨ ਦੇਣਾ। ਸੋ ਅਸੀਂ ਜੀਵਨ ਦੇ ਹਰ ਇਕ ਪਲ ਨੂੰ ਗੁਰੂ ਅਨੁਸਾਰ ਸ਼ਤ-ਪ੍ਰਤਿਸ਼ਤ ਜੀਊਣ ਦਾ ਯਤਨ ਕਰਨਾ ਹੈ, ਇਸਤੋਂ ਜੀਵਨ ਜਾਚ ਸਿੱਖ ਕੇ ਜੀਵਨ ਦਾ ਮਿਆਰ ਨਿੱਤ ਉੱਚਾ ਕਰਨਾ ਹੈ ਤੇ ਵਿਸ਼ੇ ਵਿਕਾਰਾਂ, ਭਰਮ ਭੁਲੇਖਿਆਂ ਤੋਂ ਕਿਨਾਰਾ ਕਰਨਾ ਹੈ।




ਵੱਵਾ I Vavvaa

# ਵਰਤਮਾਨ ਤੋਂ ਭਵਿੱਖ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਚੇਤੇ ਕਰਦਿਆਂ ਸਾਨੂੰ ਉਨ੍ਹਾਂ ਦੀ ਕੌਮ ਉਸਾਰੀ ਦਾ ਢੰਗ, ਯੋਜਨਾਬਧ ਯੁੱਧ ਕਰਨਾ, ਪੰਥਕ ਫੈਸਲੇ ਲੈਣੇ, ਖਾਲਸੇ ਦੀ ਸਿਰਜਣਾ ਵੇਲੇ ਸਿੱਖਾਂ ਦੀ ਚੋਣ ਦਾ ਢੰਗ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੇਣਾ ਅਤੇ ਹੋਰ ਅਨੇਕਾਂ ਹੀ ਕਾਰਜਾਂ ਵਿਚੋਂ ਨਵੇਕਲਾਪਨ ਦਾ ਗੁਣ ਲਭ ਕੇ ਅੱਜ 21ਵੀਂ ਸਦੀ ਵਿਚ ਕੌਮ ਦੇ ਵਰਤਮਾਨ ਤੇ ਭਵਿੱਖ ਨੂੰ ਸੁਧਾਰਨ ਦਾ ਰਾਹ ਲਭਣ ਦੀ ਲੋੜ ਹੈ। ਗੁਰੂ ਸਾਹਿਬ ਦੇ ਜੀਵਨ ਦਾ ਹਰ ਮੋੜ ਚੁਣੌਤੀ ਭਰਿਆ ਸੀ, ਉਹਨਾਂ ਨੇ ਭੰਗਾਣੀ, ਨੰਦੇੜ, ਰੋਪੜ, ਆਨੰਦਪੁਰ, ਨਿਰਮੋਹ ਗੜ੍ਹ, ਚਮਕੌਰ, ਸਰਸਾ, ਮੁਕਤਸਰ ਆਦਿ ਨਾਲ ਸੰਬੰਧਤ ਕਈ ਜੰਗਾਂ ਲੜੀਆਂ ਤੇ ਖੇੜੇ ਵਿਚ ਰਹਿੰਦਿਆਂ ਆਪਣੇ ਵਿਰੋਧੀਆਂ ਤੇ ਜਿੱਤ ਪ੍ਰਾਪਤੀ ਕੀਤੀ। ਗੁਰੂ ਸਾਹਿਬ ਦਰਸਾਉਂਦੇ ਹਨ ਕਿ ਜੀਵਨ ਚੰਗੀਆਂ-ਮਾੜੀਆਂ ਦੋਹਾਂ ਸਥਿਤੀਆਂ ਨਾਲ ਹੀ ਮੁਕੰਮਲ ਹੁੰਦਾ ਹੈ, ਸਾਨੂੰ ਇਹਨਾਂ ਤੋਂ ਉੱਤੇ ਉੱਠ ਕੇ ਵਿਚਰਨ ਅਤੇ ਸੱਚ ਦਾ ਰਾਹ (ਜਿਸਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ) ਅਪਨਾਉਣ ਦੀ ਲੋੜ ਹੈ। ਗੁਰੂ ਸਾਹਿਬ ਦੀ ਇਹ ਸਿੱਖਿਆ ਸਿੱਖ ਕੌਮ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ।




ੜਾੜਾ I Rhaarhaa

# ਝਾੜਾ ਝਾੜਿ ਮਿਟੈ ਸੰਗਿ ਸਾਧੂ॥

ਮਨੁੱਖੀ ਜੀਵਨ ਵਿਚ ਵਿਚਾਰਕ ਮਤਭੇਦ ਕਾਰਨ ਅਕਸਰ ਆਪਸ ਵਿਚ ਟਕਰਾਵ ਪੈਦਾ ਹੋ ਜਾਂਦੇ ਹਨ। ਇਹ ਅਜਿਹੇ ਟਕਰਾਵ ਹਨ ਜਿਹੜੇ ਸਿਰਫ ਬਾਹਰਮੁਖੀ ਹੀ ਨਹੀਂ ਰਹਿੰਦੇ ਸਗੋਂ ਸਮੇਂ ਨਾਲ ਮਨੁੱਖ ਦੇ ਅੰਦਰ ਵੀ ਘਰ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਪਿੱਛੇ ਮੂਲ ਕਾਰਣ ਮਨੁੱਖ ਦਾ ਆਪਣਾ ਹੰਕਾਰ ਅਤੇ ਦੂਜੇ ਦਾ ਸਤਿਕਾਰ ਨਾ ਕਰਨਾ ਹੈ। ਸੋ ਗੁਰਬਾਣੀ ਸਾਨੂੰ ਸੇਧ ਦੇ ਰਹੀ ਹੈ ਕਿ **ਝਾੜਾ ਝਾੜਿ ਮਿਟੈ ਸੰਗਿ ਸਾਧੂ॥** (ਇੱਥੇ ਸਾਧੂ ਦਾ ਅਰਥ ਗਿਆਨ ਹੈ) ਭਾਵ ਗਿਆਨ ਤੇ ਸੋਝੀ ਨਾਲ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਸਮਝਦਿਆਂ ਹੋਇਆਂ ਮਨੁੱਖ ਜਦੋਂ ਰੱਬੀ ਗੁਣਾਂ ਨਾਲ ਸਾਂਝ ਪਾਉਂਦਾ ਹੈ ਅਤੇ ਆਪਣੇ ਔਗਣਾਂ ਨੂੰ ਤਿਆਗ ਕੇ ਸਰਬੱਤ ਦੇ ਭਲੇ ਦੀ ਸੋਚ ਰੱਖਦਾ ਹੈ ਤਾਂ ਉਸਦੇ ਅੰਦਰ-ਬਾਹਰ ਦੇ ਸਾਰੇ ਮਤਭੇਦ ਸਿਫਰ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਇਹਨਾਂ ਜਾਤਾਂ-ਪਾਤਾਂ, ਨਸਲ ਤੇ ਰੰਗ ਰੂਪ ਦੇ ਵਿਤਕਰੇ 'ਚੋਂ ਮੁਕਤ ਕਰਨ ਲਈ ਹੀ ਫੁਰਮਾਨ ਕੀਤਾ ਹੈ **'ਏਕੁ ਪਿਤਾ ਏਕਸ ਕੇ ਹਮ ਬਾਰਿਕ'** ਜਦੋਂ ਸਾਡੇ ਸਾਰਿਆਂ ਦਾ ਮਾਂ-ਪਿਓ ਇਕ ਹੈ ਅਤੇ ਅਸੀਂ ਸਾਰੇ ਇਕੋ ਰਾਹ ਦੇ ਪਾਂਧੀ ਹਾਂ ਤਾਂ ਫਿਰ ਆਪਸ ਵਿਚ ਮਤਭੇਦ ਕਿਉਂ ਰੱਖਣਾ? ਆਓ ਸਾਰੇ ਗੁਰਬਾਣੀ ਨੂੰ ਪੜ੍ਹਨ ਦੇ ਨਾਲ ਨਾਲ ਅੱਖਰ-ਦਰ-ਅੱਖਰ ਉਸਦੇ ਡੂੰਘੇ ਅਰਥਾਂ ਨੂੰ ਸਮਝ ਕੇ ਜ਼ਿੰਦਗੀ ਨੂੰ ਈਰਖਾ, ਮਤਭੇਦ ਤੇ ਟਕਰਾਵ ਮੁਕਤ ਬਣਾਈਏ।

# ਸ਼

ਸ਼ੱਸ਼ਾ I Shashashaa

# ਸ਼ਖ਼ਸੀਅਤ ਵਿਚ ਨਿਖਾਰ

ਅੱਜਕਲ੍ਹ ਹਰ ਮਨੁੱਖ ਨੂੰ ਵਧੀਆ ਨੌਕਰੀ ਲੈਣ ਲਈ ਆਪਣੇ ਸ਼ਖ਼ਸੀਅਤੀ ਨਿਖਾਰ (Personality Development) ਤੇ ਕੰਮ ਕਰਨ ਦੀ ਲੋੜ ਪੈਂਦੀ ਹੈ, ਜਿਸ ਲਈ ਵੱਖ ਵੱਖ ਲੋਕਾਂ ਵਲੋਂ ਕਈ ਤਰ੍ਹਾਂ ਦੀਆਂ ਨਿਜੀ ਸੰਸਥਾਵਾਂ ਵੀ ਸਥਾਪਿਤ ਕੀਤੀਆਂ ਗਈਆਂ ਹਨ ਜੋ ਇਸ ਕਾਰਜ ਵਿਚ ਤੁਹਾਡੀ ਸਹਾਇਤਾ ਕਰਦੀਆਂ ਹਨ ਤੇ ਤੁਹਾਨੂੰ ਨੌਕਰੀ ਲੈਣ ਯੋਗ ਬਣਾਉਂਦੀਆਂ ਹਨ। ਪਰ ਹਰ ਗੁਰਸਿੱਖ ਲਈ ਇਹ ਸਿੱਖਿਆ ਆਪਣੇ ਵਿਰਸੇ ਵਿਚੋਂ ਲੈਣੀ ਜ਼ਿਆਦਾ ਲਾਹੇਵੰਦ ਹੈ। ਗੁਰਬਾਣੀ ਮਨੁੱਖ ਨੂੰ ਹਰ ਪੱਖੋਂ ਨਿਖਾਰਨ ਤੇ ਸੰਪੂਰਨ ਕਰਨ ਦੇ ਸਮਰੱਥ ਹੈ। ਇਸ ਸੰਪੂਰਨਤਾ ਦਾ ਸਭ ਤੋਂ ਪਹਿਲਾ ਤੇ ਮਹੱਤਵਪੂਰਨ ਪੜਾਅ ਆਪਣੇ ਆਪ ਤੋਂ ਜਾਣੂੰ ਹੋਣਾ ਹੈ ਜਿਸ ਬਾਰੇ ਗੁਰੂ ਅਮਰਦਾਸ ਸਾਹਿਬ ਕਹਿੰਦੇ ਹਨ **ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥** ਤੇ ਭਗਤ ਕਬੀਰ ਜੀ ਆਖਦੇ ਹਨ **ਬੰਦੇ ਖੋਜੁ ਦਿਲ ਹਰਰੋਜ ਨਾ ਫਿਰੁ ਪਰੇਸਾਨੀ ਮਾਹਿ॥** ਜੇ ਗੁਰਬਾਣੀ ਵਿਚ ਸਮਝਾਏ ਰੱਬੀ ਗੁਣਾਂ ਨਾਲ ਮਨੁੱਖ ਸਾਂਝ ਪਾਵੇ ਤਾਂ ਸ਼ਖ਼ਸੀਅਤ ਦਾ ਨਿਖਾਰ ਹੋਣਾ ਲਾਜ਼ਮੀ ਹੈ। ਇਹ ਉਦਾਹਰਨਾਂ ਪ੍ਰਤੱਖ ਪ੍ਰਮਾਣ ਹਨ ਕਿ ਆਪਣੇ ਆਪ 'ਚ ਨਿਖਾਰ ਲਿਆਉਣ ਲਈ ਗੁਰਬਾਣੀ ਤੋਂ ਵੱਧ ਅਨੁਕੂਲ ਤੇ ਸਟੀਕ ਨਾ ਕੋਈ ਮਨੁੱਖ ਹੈ ਤੇ ਨਾ ਹੀ ਕੋਈ ਸੰਸਥਾ।

# ਖ਼

ਖ਼ੱਖ਼ਾ I Khakhkhaa

# ਖ਼ਲਕਤ ਨੂੰ ਸੇਧ

ਗੁਰਬਾਣੀ ਸਾਨੂੰ ਅਨੰਦਮਈ ਜੀਵਨ ਜੀਊਣ ਲਈ ਕਈ ਨੁਕਤੇ ਸਮਝਾਉਂਦੀ ਹੈ। ਜਿਨ੍ਹਾਂ ’ਚੋਂ ਕੁਝ ਇਸ ਪ੍ਰਕਾਰ ਹਨ:

1. ਈਰਖਾ: **ਸੁਆਦ ਬਾਦ ਈਰਖ ਮਦ ਮਾਇਆ॥ ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥** ਈਰਖਾ ਨੂੰ ਇਕ ਤਰ੍ਹਾਂ ਦਾ ਮਾਨਸਿਕ ਰੋਗ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਈਰਖਾ ਨਿਕੰਮੇਪਣ ਅਤੇ ਸੌੜੀ ਸੋਚ ’ਚੋਂ ਜਨਮ ਲੈਂਦੀ ਹੈ।
2. ਰੀਸ: **ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥** ਭਾਵ ਕਿਸੇ ਸ੍ਰੇਸ਼ਟ ਮਨੁੱਖ ਦੀ ਸ਼ਖਸ਼ੀਅਤ ਤੋਂ ਪ੍ਰਭਾਵਤ ਹੋ ਕੇ ਉਸਦੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਨਾ ਮਾੜੀ ਗੱਲ ਨਹੀਂ। ਪਰੰਤੂ ਕਿਸੇ ਤੋਂ ਪ੍ਰਭਾਵਿਤ ਹੋ ਕੇ ਮਾਇਆ ਪ੍ਰਾਪਤ ਕਰਨ ਦੇ ਨੀਵੇਂ ਪਧਰ ਵਾਲੇ ਰਾਹ ਅਪਨਾਉਣੇ ਅਸਲੋਂ ਮਾੜੀ ਗੱਲ ਹੈ।
3. ਚਿੰਤਾ: **ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥** ਚਿੰਤਾ ਚਿਖਾ ਸਮਾਨ ਹੁੰਦੀ ਹੈ। ਜਿਹੜਾ ਮਨੁੱਖ ਵਰਤਮਾਨ ਲਈ ਪ੍ਰੇਸ਼ਾਨ ਰਹਿੰਦਾ ਹੈ ਅਤੇ ਭਵਿੱਖ ਤੋਂ ਡਰਦਾ ਰਹਿੰਦਾ ਹੈ, ਉਹ ਅਸਲ ਵਿਚ ਚਿਖਾ ’ਤੇ ਪਿਆ ਹੀ ਜ਼ਿੰਦਗੀ ਬਿਤਾ ਰਿਹਾ ਹੈ।
4. ਆਸ: **ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ॥** ਕਿਸੇ ਦੇਹ ਤੇ ਆਸ ਨਾ ਰੱਖਦਿਆਂ ਹੋਇਆਂ ਸਿਰਫ ਸ਼ਬਦ ਗੁਰੂ ਅਤੇ ਅਕਾਲ ਪੁਰਖ ਤੇ ਦ੍ਰਿੜ੍ਹ ਵਿਸ਼ਵਾਸ ਰੱਖਣਾ ਚਾਹੀਦਾ ਹੈ।
5. ਸ਼ਿਕਾਇਤ: ਜੇਕਰ ਅਨੰਦਮਈ ਜੀਵਨ ਪ੍ਰਾਪਤ ਕਰਨਾ ਹੈ ਤਾਂ ਦੁਨੀਆ ਸਾਹਮਣੇ ਸ਼ਿਕਾਇਤਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੇਕਰ ਟੇਕ ਰੱਖਣੀ ਹੈ ਤਾਂ ਸਿਰਫ ਅਕਾਲ ਪੁਰਖ ਵਾਹਿਗੁਰੂ ’ਤੇ ਰੱਖੋ: **ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥**

# ਗ਼

ਗ਼ੱਗ਼ਾ I Gaggaa

# ਗ਼ਮ ਤੋਂ ਨਿਜਾਤ

ਬਸੰਤ ਰੁਤ ਦੇ ਆਗਮਨ ਨਾਲ ਬਨਸਪਤੀ ਉਤੇ ਖੇੜਾ ਤੇ ਬਹਾਰ ਆ ਜਾਂਦੀ ਹੈ। ਗੁਰੂ ਸਾਹਿਬ ਅਕਾਲ ਪੁਰਖ ਦੀ ਕੁਦਰਤ ਵਿਚ ਉਸ ਦੇ ਵਸਣ ਦਾ ਜ਼ਿਕਰ ਕਰਦਿਆਂ ਫੁਰਮਾਉਂਦੇ ਹਨ: **ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥** ਇਸਦੇ ਨਾਲ-ਨਾਲ ਬਸੰਤ ਰਾਗ ਦੇ ਵਿਚ ਗੁਰੂ ਸਾਹਿਬ ਤੇ ਭਗਤਾਂ ਨੇ ਬਾਣੀ ਦੀ ਰਚਨਾ ਕਰਦਿਆਂ ਮਨੁੱਖ ਨੂੰ ਸੇਧ ਤੇ ਉਤਸ਼ਾਹ ਦਿੱਤਾ ਹੈ ਕਿ ਹਉਮੈ ਨੂੰ ਤਿਆਗ ਕੇ ਤੂੰ ਵੀ ਪ੍ਰਫੁੱਲਤ ਹੋ: **ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥** ਇਥੇ ਸਮਝਣ ਦੀ ਗਲ ਇਹ ਹੈ ਕਿ ਬਸੰਤ ਰੁਤ ਸਾਰੇ ਸਾਲ ਵਿਚ ਕੁਝ ਸਮੇਂ ਲਈ ਆਉਂਦੀ ਹੈ ਪਰ ਗੁਰਬਾਣੀ ਸਾਨੂੰ ਹਰ ਪਲ ਖੇੜੇ ਵਿਚ ਰਹਿਣ ਦਾ ਢੰਗ ਤੇ ਤਰੀਕਾ ਸਮਝਾ ਰਹੀ ਹੈ। ਰੱਬੀ ਗੁਣਾਂ ਨਾਲ ਸਾਂਝ ਬਣਾ ਕੇ ਮਨੁੱਖ ਗ਼ਮ ਤੋਂ ਨਿਜਾਤ ਪਾਉਣ ਦੇ ਨਾਲ-ਨਾਲ ਹਰ ਵੇਲੇ ਪ੍ਰਸੰਨਤਾ, ਖੇੜੇ ਤੇ ਅਨੰਦ ਵਿਚ ਵਿਚਰ ਸਕਦਾ ਹੈ। ਸੋ ਲੋੜ ਹੈ ਗੁਰਬਾਣੀ ਦੀ ਇਹ ਸੁਹਜਤਾ ਹਰ ਮਨੁੱਖ ਜੀਵਨ ਵਿਚ ਮਾਣੇ ਤੇ ਦੁਨਿਆਵੀ ਕੰਮਾਂ-ਕਾਰਾਂ ਵਿਚ ਰੁੱਝਿਆਂ ਅਤੇ ਜ਼ਿੰਮੇਵਾਰੀਆਂ ਨਿਭਾਉਂਦਿਆਂ ਵੀ ਜੀਵਨ ਵਿਚ ਲਗਾਤਾਰੀ ਬਸੰਤ ਰੁਤ ਦਾ ਅਨੁਭਵ ਕਰੇ।



ਜ਼ੱਜ਼ਾ I Zazzaa

# ਜ਼ਰੂਰਤ ਹੈ ਖੋਜ ਦੀ

ਸਿੱਖ ਇਤਿਹਾਸ ਵਿਚ ਬਹੁਤ ਸਾਰੀ ਮਿਲਾਵਟ ਹੈ ਤੇ ਬਹੁਤ ਸਾਰੀਆਂ ਕਚੀਆਂ ਕਹਾਣੀਆਂ ਸਾਖੀਆਂ ਹਨ ਜਿਹੜੀਆਂ ਕਿ ਗੁਰਬਾਣੀ ਦੇ ਆਸ਼ੇ ਨਾਲ ਕਿਧਰੇ ਵੀ ਮੇਲ ਨਹੀਂ ਖਾਂਦੀਆਂ। ਅਸੀਂ ਜੱਦ ਇਤਿਹਾਸਕਾਰਾਂ ਜਾਂ ਲੇਖਕਾਂ ਨਾਲ ਗਲਬਾਤ ਕਰਦੇ ਹਾਂ ਤਾਂ ਉਹਨਾਂ ਦਾ ਇਕੋ ਹੀ ਉੱਤਰ ਹੁੰਦਾ ਹੈ ਕਿ ਇਹ ਸਾਖੀਆਂ ਸਾਨੂੰ ਇਸੇ ਤਰ੍ਹਾਂ ਪੁਰਾਤਨ ਲਿਖਤਾਂ 'ਚ ਜਾਂ ਮੌਖਿਕ ਰੂਪ ਚ ਪ੍ਰਾਪਤ ਹੋਈਆਂ ਹਨ, ਜੋ ਕਿ ਇਕ ਪੁਖਤਾ ਉੱਤਰ ਨਹੀਂ ਜਾਪਦਾ। ਸਾਡੀ ਅਜੋਕੇ ਸਾਹਿਤਕਾਰਾਂ, ਖੋਜਾਰਥੀਆਂ, ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਇਕ ਸਨਿਮਰ ਬੇਨਤੀ ਹੈ ਕਿ ਗੁਰੂ ਸਾਹਿਬ ਨਾਲ ਸੰਬੰਧਤ ਸਾਖੀਆਂ ਦੀ ਅਸਲ ਪ੍ਰਮਾਣਿਕਤਾ ਦਾ ਮਾਪਦੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਸਮੁੱਚੇ ਸਿੱਖ ਜਗਤ ਕੋਲ ਮੌਜੂਦ ਹੈ। ਇਸ ਕਰਕੇ ਹਰ ਉਹ ਸਾਖੀ ਜਾਂ ਕਹਾਣੀ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦੀ, ਉਹਨਾਂ ਨੂੰ ਪ੍ਰਚਾਰਨਾ ਤਿਆਗ ਦਈਏ। ਅਜੋਕੇ ਸਿੱਖ ਇਤਿਹਾਸਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਖੋਜੀ ਬਿਰਤੀ ਰਾਹੀਂ ਸੱਚ ਤੇ ਕੱਚ ਦੀ ਚੋਣ ਕਰਨ ਤਾਂ ਜੋ ਗੁਰਬਾਣੀ ਮੁਤਾਬਿਕ ਸਿੱਖੀ ਦਾ ਪ੍ਰਚਾਰ-ਪ੍ਰਸਾਰ ਠੀਕ ਰਾਹਾਂ ਤੇ ਹੋ ਸਕੇ। ਇੱਦਾਂ ਕਰਨਾ ਇਸ ਕਰਕੇ ਵੀ ਮਹੱਤਵਪੂਰਨ ਹੈ ਕਿਉਂਕਿ ਆਉਣ ਵਾਲੀ ਪਨੀਰੀ ਨੇ ਇਸ ਪ੍ਰਚਾਰ-ਪ੍ਰਸਾਰ ਦੇ ਪ੍ਰਭਾਵ ਅਧੀਨ ਹੀ ਵੱਧਣਾ-ਫੁਲਣਾ ਹੈ। ਅਸੀਂ ਨਵੀਂ ਪੀੜ੍ਹੀ ਅੱਗੇ ਜੇਕਰ ਮਨਘੜਤ ਤੇ ਕੱਚੀਆਂ ਕਹਾਣੀਆਂ ਰਖਾਂਗੇ ਤਾਂ ਉਹ ਸਿੱਖ ਧਰਮ ਨਾਲ ਜੁੜਨ ਦੀ ਥਾਂ ਟੁੱਟਣ ਲੱਗ ਜਾਣਗੇ। ਸੋ ਆਓ ਸਾਰੇ ਮਿਲ ਕੇ ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਹੋਰ ਖੋਜ ਕਰਨ ਲਈ ਪ੍ਰੇਰੀਏ ਤਾਂ ਜੋ ਲੋਕਾਈ ਤੱਕ ਸੱਚੀਆਂ ਤੇ ਤੱਥ ਭਰਪੂਰ ਸਾਖੀਆਂ ਪਹੁੰਚ ਸਕਣ।

# ਫ਼

ਫ਼ੱਫ਼ਾ I Phaphphaa

# ਫ਼ਰਜ਼ ਜ਼ਰੂਰੀ

ਸ੍ਰੀ ਗੁਰੂ ਗ੍ਰੰਥ ਸਹਿਬ ਜੀ ਵਿੱਚ ਛੇ ਗੁਰੂ ਸਾਹਿਬਾਨ ਦੇ ਨਾਲ 15 ਭਗਤਾਂ, 11 ਭੱਟਾਂ ਤੇ 3 ਗੁਰਸਿੱਖਾਂ ਦੀ ਬਾਣੀ ਸ਼ਾਮਿਲ ਕਰਕੇ ਗੁਰੂ ਸਾਹਿਬ ਨੇ ਛੇ ਸਦੀਆਂ ਦੇ ਗਿਆਨ ਨੂੰ ਰਹਿੰਦੀ ਦੁਨੀਆ ਤੱਕ ਲੋਕਾਈ ਦੇ ਭਲੇ ਤੇ ਮਾਰਗ-ਦਰਸ਼ਨ ਲਈ ਸੁਰੱਖਿਅਤ ਕਰਕੇ **ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ॥** ਦਾ ਉਪਦੇਸ਼ ਦਿੰਦਿਆਂ ਪਾਵਨ ਗ੍ਰੰਥ ਨੂੰ ਗੁਰੂ ਥਾਪ ਦਿੱਤਾ। ਇਸ ਵਡਮੁੱਲੇ ਖਜ਼ਾਨੇ ਨੂੰ ਸਹੀ ਅਰਥਾਂ ਵਿਚ ਪੜ੍ਹਨ, ਸਮਝਣ ਤੇ ਅਮਲ ਕਰਨ ਦੇ ਨਾਲ-ਨਾਲ ਵੱਖ-ਵੱਖ ਧਰਮਾਂ ਦੇ ਲੋਕਾਂ ਤੱਕ ਪ੍ਰਚਾਰਣ-ਪ੍ਰਸਾਰਣ ਦੀ ਜ਼ਿੰਮੇਵਾਰੀ ਹਰ ਗੁਰਸਿੱਖ ਦੀ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਗਿਆਨ ਨੂੰ ਸੁਚੇਤ ਤੌਰ ਤੇ ਜਿਉਂ ਦਾ ਤਿਉਂ ਪ੍ਰਚਾਰੀਏ, ਨਾ ਕਿ ਗੁਰੂਆ, ਭਗਤਾਂ ਤੇ ਸਿੱਖਾਂ ਦੇ ਜੀਵਨ-ਚਰਿਤ੍ਰਾਂ ਨਾਲ ਕੁਦਰਤੀ ਨਿਯਮਾਂ ਦੇ ਉਲਟ ਜੁੜੀਆਂ ਕਥਾ ਕਹਾਣੀਆਂ ਦਾ ਵੀ ਪ੍ਰਚਾਰ ਕਰ ਬੈਠੀਏ। ਅਜੋਕੇ ਆਧੁਨਿਕ ਯੁੱਗ 'ਚ ਲੋੜ ਹੈ ਲੋਕਾਈ ਨੂੰ ਅਧਿਆਤਮਕ ਸੇਧ ਲੈਣ ਦੀ, ਜੋ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਲਈ ਜਾ ਸਕਦੀ ਹੈ। ਹਰ ਸਿੱਖ ਨੂੰ ਕੌਮ ਦਾ ਨੁਮਾਇੰਦਾ ਬਣ ਕੇ ਪ੍ਰਚਾਰ ਕਰਨ ਦੀ ਲੋੜ ਹੈ ਤਾਂ ਕਿ ਸ੍ਰੀ ਗੁਰੂ ਗ੍ਰੰਥ ਸਹਿਬ ਦੇ ਸਰਬ-ਸਾਂਝੀਵਾਲਤਾ ਦੇ ਉਪਦੇਸ਼ਾਂ ਰਾਂਹੀ ਇੱਕੀਵੀਂ ਸਦੀ ਵਿੱਚ ਮਨੁੱਖਤਾ ਨੂੰ ਸਹੀ ਰਾਹ ਤੇ ਦਿਸ਼ਾ ਮਿਲ ਸਕੇ।

# ਲ਼

ਲ਼ੱਲ਼ਾ I Lallaa

# ਲਖੀ ਨ ਜਾਈ ਨਾਨਕ ਲੀਲਾ॥

ਅੱਜ ਜੋ ਕੁਝ ਅਸੀਂ ਦੇਖ, ਸਮਝ ਤੇ ਜਜ਼ਬ ਕਰ ਰਹੇ ਹਾਂ ਇਹ ਸਭ ਰੱਬ ਦੀ ਇੱਕ ਅਗੰਮੀ ਤੇ ਨਿਰਾਲੀ ਖੇਡ ਹੈ। ਇਹ ਜਗ ਉਸ ਸਚੇ ਦੀ ਕੋਠੜੀ ਹੈ ਜਿਸ ਵਿੱਚ ਉਹ ਆਪ ਵੱਸਦਾ ਹੈ ਪਰ ਨਾਲ ਹੀ ਇਹ ਜਗ ਇਕ ਸੁਪਨੇ ਵਾਂਙ ਝੂਠਾ ਵੀ ਹੈ। ਇਹ ਭਰਮ ਭੁਲੇਖਿਆ ਨਾਲ ਭਰੀ ਦੁਨੀਆ ਰੇਗਸਤਾਨ ਦੀ ਤਪਦੀ ਰੇਤ ਵਾਂਗ ਹੈ, ਜਿਸ ਵਿੱਚ ਕਈ ਵਾਰ ਪਾਣੀ ਦੀ ਝਲਕ ਸੱਚ ਜਾਪਦੀ ਵੀ ਝੂਠ ਸਾਬਤ ਹੋ ਜਾਂਦੀ ਹੈ। ਹੁਣ ਸੋਚਣ ਦੀ ਗੱਲ ਇਹ ਹੈ ਕਿ ਇਸ ਮਾਇਆਵੀ ਸੰਸਾਰ ’ਚ ਸੱਚ-ਝੂਠ ਦਾ ਨਿਤਾਰਾ ਕਰਕੇ ਇਸਤੋਂ ਪਾਰ ਕਿਵੇਂ ਲੰਘੀਏ ਤੇ ਕਿਵੇਂ ਗੁਰੂ ਤੱਕ ਪੁੱਜੀਏ? ਜਿਸ ਦਾ ਉੱਤਰ ਗੁਰੂ ਅਰਜਨ ਸਾਹਿਬ ਦਿੰਦੇ ਹਨ: **ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥** ਭਾਵ ਜਿਵੇਂ ਹੀਰੇ ਨੂੰ ਪਰਖਣ ਲਈ ਉਚੇਚੀ ਅੱਖ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਇਸ ਮਾਇਆ ਰੂਪੀ ਸੰਸਾਰ ਵਿੱਚੋਂ ਚੰਗੇ ਮਾੜੇ ਦੀ ਪਰਖ ਕਰਨ ਲਈ ਵੀ ਵਿਸ਼ੇਸ਼ ਐਨਿਕ (ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗਿਆਨ) ਦੀ ਲੋੜ ਹੈ। ਗੁਰਬਾਣੀ ਦਾ ਗਿਆਨ ਇੱਕ ਐਸੀ ਅਨੋਖੀ, ਉਤਭੁਜ ਤੇ ਵਿਸ਼ੇਸ਼ ਐਨਕ ਹੈ ਜੋ ਮਨੁੱਖ ਨੂੰ ਅਨੇਕਤਾ ਵਿੱਚੋਂ ਝਲਕਦੇ ਕਰਤਾਰ ਨਾਲ ਜੋੜਨ ਦੇ ਸਮਰੱਥ ਹੈ। ਸੋ ਸਾਨੂੰ ਲੋੜ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਵਿਸ਼ੇਸ਼ ਅੱਖ ਦੇ ਧਾਰਨੀ ਬਣੀਏ ਅਤੇ ਸੰਸਾਰ ’ਚੋਂ ਕੁਰੀਤੀਆਂ ਨੂੰ ਦੂਰ ਕਰਨਯੋਗ ਹੋ ਸਕੀਏ।

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥

ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥੧॥

Leap ahead; don't turn your face backwards.

O Nanak, be successful this time, and you shall not be reincarnated again. ||1||

OrangeBooks Publication
www.orangebooks.in

Also available as an eBook
NON-FICTION
ISBN 978-93-5621-317-3
9 789356 213173 >